ISSN PRINT 2319 1775 Online 2320 7876
Research Paper © 2012 IJFANS. All Rights Reserved, Journal UGC CARE Listed (Group-I) Volume 11,Sp Iss 11A 2022

# Contemporary Punjabi Duet Songwriting: A Theoretical and Historical Perspective

**Dr. Harbans Singh**

Professor, Department of Punjabi, Sri Guru Tegh Bahadur Khalsa College University of Delhi, Emai-drbaikunth64@gmail.com

## ਅਜੋਕੀ ਪੰਜਾਬੀ ਦੋਗਾਣਾ ਗੀਤਕਾਰੀ : ਸਿਧਾਂਤਕ ਅਤੇ ਇਤਿਹਾਸਕ ਪਰਿਪੇਖ

ਪੰਜਾਬੀ ਗੀਤਕਾਰੀ ਵਿਚ ਮੁੱਖ ਤੌਰ ਤੇ ਦੋ ਵਿਧਾਵਾਂ ਸੋਲੋ ਅਤੇ ਦੋਗਾਣਾ ਗੀਤਕਾਰੀ ਪ੍ਰਚੱਲਿਤ ਰਹੀਆਂ ਹਨ। ਸੋਲੋ ਗੀਤਕਾਰੀ ਤੋਂ ਭਾਵ ਸਿੰਗਲ ਸੋ ਇਕੱਲੇ ਗਾਇਕ ਜਾਂ ਗਾਇਕਾ ਦੁਆਰਾ ਗਾਈ ਜਾਣ ਵਾਲੀ ਗਾਇਕੀ ਨੂੰ ਸੋਲੋ ਗੀਤਕਾਰੀ ਕਿਹਾ ਜਾਂਦਾ ਹੈ। ਦੂਜੇ ਪਾਸੇ ਦੋਗਾਣਾ ਗੀਤਕਾਰੀ ਹੈ ਦੋਗਾਣਾ ਦੋ ਸ਼ਬਦਾ ਦੋ+ਗਾਣ ਦੇ ਸੁਮੇਲ ਤੋਂ ਬਣਿਆ ਹੈ। ਭਾਵ ਦੋ ਵਿਅਕਤੀਆਂ ਦੁਆਰਾ ਆਪਸ ਵਿਚ ਸੰਵਾਦੀ ਸ਼ੈਲੀ ਵਿਚ ਮਿਲ ਕੇ ਗਾਈ ਜਾਣ ਵਾਲੀ ਗੀਤਕਾਰੀ ਨੂੰ ਦੋਗਾਣਾ ਕਿਹਾ ਜਾਂਦਾ ਹੈ। ਇਹ ਦੋ ਵਿਅਕਤੀ ਮਰਦ-ਮਰਦ, ਔਰਤ-ਔਰਤ, ਜਾਂ ਫਿਰ ਮਰਦ-ਔਰਤ ਦੇ ਆਪਸੀ ਸੰਵਾਦ ਦੁਆਰਾ ਗਾਈ ਜਾਣ ਵਾਲੀ ਵੰਨਗੀ ਹੈ। ਸਿਮਰਨਜੀਤ ਸਿੰਘ ਆਪਣੇ ਖੋਜ-ਕਾਰਜ ਵਿਚ ਨੈਸ਼ਨਲ ਪੰਜਾਬੀ ਕੋਸ਼ ਦੇ ਹਵਾਲੇ ਨਾਲ ਦੋਗਾਣਾ ਗੀਤਕਾਰੀ ਬਾਰੇ ਲਿਖਦੇ ਹਨ, ਦੋਗਾਣਾ (ਨਾ) ਦੋ ਜਣਿਆਂ ਦਾ ਇਕੱਠਿਆਂ ਮਿਲ ਕੇ ਗਾਉਣਾ, ਜੋੜਾ ਗੀਤ ਹੈ।[1] ਅੱਗੇ ਚੱਲ ਕੇ ਉਹ ਕੈਂਬਰਜ਼ ਡਿਕਸ਼ਨਰੀ ਦੇ ਹਵਾਲੇ ਨਾਲ ਗੱਲ ਕਰਦੇ ਹੋਏ ਇਸ ਵਿਧਾ ਬਾਰੇ ਦੱਸਦੇ ਹਨ, ਉਹ ਗੀਤ ਜਿਸਨੂੰ ਦੋ ਜਣੇ ਸਵਾਲ ਜਵਾਬ ਦੀ ਭਾਵਨਾ ਜਗਾ ਕੇ ਗਾਉਣ ਉਸਨੂੰ ਦੋਗਾਣਾ ਕਿਹਾ ਜਾਂਦਾ ਹੈ।[2] ਡਾ. ਹਰਿੰਦਰ ਕੌਰ ਸੋਹਲ ਅਨੁਸਾਰ, ਡਿਊਟ ਗਾਇਕੀ ਵਿਚ ਦੋ ਗਾਇਕ ਮਿਲ ਕੇ ਵਾਰੋ ਵਾਰੀ ਗਾਉਂਦੇ ਹਨ। ਇਹ ਦੋਵੇਂ ਇਕ ਮਰਦ ਤੇ ਇਕ ਔਰਤ ਗਾਇਕ ਹੁੰਦੇ ਹਨ।[3] ਸੋ ਸਾਡੇ ਅਜੋਕੇ ਸਮੇਂ ਦੇ ਵਿਦਵਾਨਾਂ ਨੇ ਪੰਜਾਬੀ ਦੋਗਾਣਾ ਗੀਤਕਾਰੀ ਨੂੰ ਮਰਦ-ਔਰਤ ਤੱਕ ਸੀਮਿਤ ਕਰਕੇ ਰੱਖ ਦਿੱਤਾ ਹੈ ਪਰ ਮਰਦ-ਮਰਦ, ਔਰਤ-ਔਰਤ ਦੇ ਆਪਸੀ ਸੁਮੇਲ ਨਾਲ ਗਾਏ ਜਾਂਦੇ ਗੀਤ ਨੂੰ ਵੀ ਦੋਗਾਣਾ ਕਿਹਾ ਜਾਂਦਾ ਹੈ। ਦੋਗਾਣਾ ਗਾਉਣ ਵਾਲੇ ਦੋ ਮਰਦ ਵੀ ਹੋ ਸਕਦੇ ਹਨ ਅਤੇ ਦੋ ਔਰਤਾਂ ਵੀ। ਦੋਗਾਣਾ ਦਾ ਸ਼ਬਦੀ ਅਰਥ ਵੀ ਦੋ ਜਣਿਆਂ ਦੇ ਗਾਏ ਜਾਣ ਵੱਲ ਹੀ ਸੰਕੇਤ ਕਰਦਾ ਹੈ। ਦੋ + ਗਾਣਾ, ਦੋ ਜਣਿਆਂ ਦੁਆਰਾ ਮਿਲ ਕੇ ਗਾਇਆ ਜਾਣ ਵਾਲਾ ਗੀਤ ਹੈ।[4]

ਕਿਹਾ ਜਾਂਦਾ ਹੈ ਕਿ ਦੋਗਾਣਾ ਗੀਤਕਾਰੀ ਵਿਚ ਮਰਦ-ਮਰਦ, ਔਰਤ-ਔਰਤ, ਅਤੇ ਔਰਤ-ਮਰਦ ਆਪਣੇ ਮਨ ਦੇ ਵਲਵਲਿਆਂ ਨੂੰ ਆਪਸੀ ਨੋਕ-ਝੋਕ ਰਾਹੀਂ ਬਾਹਰ ਕੱਢਦੇ ਹਨ ਪਰ ਵੇਖਿਆ ਜਾਵੇਂ ਤਾਂ ਪੁਰਾਤਨ ਸਮੇਂ ਤੋਂ ਅਜੋਕੇ ਸਮੇਂ ਤੱਕ ਔਰਤ-ਮਰਦ ਦੇ ਆਪਸੀ ਸੰਵਾਦ ਨਾਲ ਸੰਬੰਧਿਤ ਗੀਤ ਹੀ ਆਏ ਹਨ। ਇੱਕੀਵੀਂ ਸਦੀ ਦੇ ਦੂਜੇ ਦਹਾਕੇ ਵਿਚ ਇਹ ਰੁਝਾਨ ਬਦਲਿਆਂ ਹੈ ਇਸ ਦਹਾਕੇ ਵਿਚ ਮਰਦ-ਮਰਦ, ਔਰਤ-ਔਰਤ ਦੇ ਆਪਸੀ ਸੰਵਾਦ ਦੇ ਗੀਤਾਂ ਦਾ ਰੁਝਾਨ ਕਾਫ਼ੀ ਵਧਿਆ ਹੈ।

ਦੋਗਾਣਾ ਗੀਤਕਾਰੀ ਦਾ ਪਿਛੋਕੜ ਬਹੁਤ ਹੀ ਪੁਰਾਣਾ ਹੈ। ਦੋਗਾਣਾ ਗੀਤਕਾਰੀ ਨੇ ਕਈ ਪੜਾਆਂ ਵਿਚੋਂ ਲੰਘ ਕੇ ਸਾਡੇ ਤੱਕ ਰਸਾਈ ਕੀਤੀ ਹੈ। ਦੋਗਾਣਾ ਗੀਤਕਾਰੀ ਤੇ ਇੱਕ ਸਮਾਂ ਅਜਿਹਾ ਵੀ ਆਇਆ ਜਦੋਂ ਇਉ ਲੱਗਦਾ ਸੀ ਕਿ ਇਹ ਗੀਤਕਾਰੀ ਬਿਲਕੁਲ ਹੀ ਖ਼ਤਮ ਹੋ ਜਾਵੇਗੀ ਪਰ ਸਮਾਜਿਕ ਤਬਦੀਲੀਆਂ ਅਤੇ ਮਨੁੱਖੀ ਮਨ ਦੇ ਭਾਵਾਂ ਨੇ ਇਸਨੂੰ ਡਾਵਾਂਡੋਲ ਸਥਿਤੀ ਵਿਚ ਵੀ ਜਿਉਂ ਦੀ ਤਿਉ ਬਰਕਰਾਰ ਰੱਖਿਆ ਅਤੇ ਸਮੇਂ-ਸਮੇਂ ਤੇ ਇਸ ਵਿਚ ਨਵੇਂ ਰੰਗ ਭਰੇ। ਵੇਖਿਆ ਜਾਵੇਂ ਤਾਂ ਦੋਗਾਣਾ ਗੀਤਕਾਰੀ ਦੀ ਜੜ੍ਹਾਂ ਰਾਸਾਂ ਅਤੇ ਜਲਸਿਆਂ ਵਿਚ ਪਈ ਹੋਈ ਹੈ। ਪੁਰਾਤਨ ਸਮੇਂ ਪੰਜਾਬ ਵਿਚ ਰਾਸ ਅਤੇ ਜਲਸੇ ਕੱਢੇ ਜਾਂਦੇ

ਸਨ ਜਿਨ੍ਹਾਂ ਰਾਹੀਂ ਲੋਕ ਆਪਣਾ ਮੰਨੋਰੰਜਨ ਕਰਦੇ ਸਨ। ਜਲਸਿਆਂ ਵਿਚ ਔਰਤ ਦਾ ਰੋਲ ਮਰਦ ਨਚਾਰਾਂ ਵੱਲੋਂ ਹੀ ਕੀਤਾ ਜਾਂਦਾ ਸੀ ਕਿਉਂਕਿ ਉਸ ਸਮੇਂ ਔਰਤ ਤੇ ਮਰਦ ਦੇ ਬਰਾਬਰ ਵਿਚਰਨ ਦੀਆਂ ਸਮਾਜਕ ਅਤੇ ਸਭਿਆਚਾਰਕ ਬੰਧਿਸ਼ਾਂ ਸਨ। ਮਰਦ ਔਰਤ ਦੇ ਕੱਪੜੇ ਪਾ ਕੇ ਔਰਤ ਦਾ ਰੋਲ ਅਦਾ ਕਰਦਾ ਸੀ। ਉਸ ਸਮੇਂ ਗੀਤ ਵੀ ਗਾਏ ਜਾਂਦੇ ਸਨ। ਇਹ ਗੀਤ ਮਰਦ ਅਤੇ ਔਰਤ ਦੇ ਭਾਵ ਦੀ ਪੇਸ਼ਕਾਰੀ ਕਰਦੇ ਸਨ। ਇਹਨਾਂ ਗੀਤਾਂ ਰਾਹੀਂ ਦਰਸ਼ਕ ਆਪਣੀ ਔਰਤ ਪ੍ਰਤੀ ਕਾਮੁਕ ਭੁੱਖ ਨੂੰ ਤ੍ਰਿਪਤ ਕਰ ਲੈਂਦੇ ਸਨ। ਸਮੇਂ ਦੇ ਕਰਵਟ ਬਦਲਣ ਨਾਲ ਔਰਤ ਸਿੱਧੇ ਰੂਪ ਵਿਚ ਮੰਚ ਤੇ ਆਪਣੀ ਪੇਸ਼ਕਾਰੀ ਦੇਣ ਲੱਗੀ। ਇਹਨਾਂ ਰਾਸਾਂ ਅਤੇ ਜਲਸਿਆਂ ਵਿਚ ਔਰਤ-ਮਰਦ ਸਿੱਧੇ ਰੂਪ ਵਿਚ ਦਰਸ਼ਕਾਂ ਦੇ ਸਾਹਮਣੇ ਆਉਣ ਲੱਗੇ। ਡਾ. ਹਰਮਨ ਦੇ ਦੋਗਾਣਾ ਗੀਤਕਾਰੀ ਬਾਰੇ ਵਿਚਾਰ ਹਨ-

ਰਾਸ ਅਤੇ ਜਲਸੇ ਦੋਗਾਣੇ ਦੇ ਉਥਾਨ ਨਾਲ ਆਪਣਾ ਸੰਬੰਧ ਆ ਜੋੜਦੇ ਹਨ। ਦੋ ਜਣਿਆ ਦੇ ਮਿਲ ਕੇ ਗਾਉਣ ਦੀ ਪ੍ਰਥਾ ਇਹਨਾਂ ਤੋਂ ਹੀ ਸ਼ੁਰੂ ਹੁੰਦੀ ਹੈ। ਦੋਗਾਣੇ ਦੀਆਂ ਜੜ੍ਹਾਂ ਰਾਸ ਅਤੇ ਜਲਸਿਆਂ ਵਿਚਲੀ ਮੰਨੋਰੰਜਨ ਪ੍ਰਵਿਰਤੀ ਵਿਚ ਹਨ ਅਤੇ ਇਹੋ ਮੰਨੋਰੰਜਨ ਪ੍ਰਵਿਰਤੀ ਸਮੇਂ ਦੇ ਨਾਲ ਇਕ ਮਰਦ ਅਤੇ ਔਰਤ ਦੇ ਦੋਹਰੇ ਸੰਵਾਦ ਵਾਲੀ ਗਾਇਕੀ ਅਤੇ ਗੀਤਕਾਰੀ ਵਿੱਚ ਪ੍ਰਵਰਤਿਤ ਹੋ ਕੇ ਪ੍ਰਸਿੱਧ ਹੋਈ ਅਤੇ ਘਰ-ਘਰ ਪਹੁੰਚੀ।[5]

ਰਾਸਾਂ ਅਤੇ ਜਲਸਿਆਂ ਤੋਂ ਦੋਗਾਣਾ ਗੀਤਕਾਰੀ ਦੀ ਸ਼ੁਰੂਆਤ ਮੰਨੀ ਜਾ ਸਕਦੀ ਹੈ। ਉਸ ਸਮੇਂ ਜਲਸੇਂ ਵਿਚ ਨਕਲਾਂ ਅਤੇ ਸਵਾਂਗ ਆਮ ਹੀ ਹੁੰਦੇ ਸਨ। ਇਹਨਾਂ ਜਲਸਿਆਂ ਵਿਚ ਆਪਸੀ ਨੋਕ-ਝੋਕ , ਜਾਂ ਸੰਵਾਦ ਆਮ ਹੀ ਹੁੰਦਾ ਸੀ। ਇਸ ਸੁਆਲ-ਜੁਆਬ ਦੀ ਸ਼ੈਲੀ ਵਿਚੋਂ ਦੋਗਾਣਾ ਗੀਤਕਾਰੀ ਦਾ ਆਰੰਭ ਮੰਨਿਆ ਜਾ ਸਕਦਾ ਹੈ। ਜਦੋਂ ਅੰਗਰੇਜ਼ਾਂ ਨੇ ਭਾਰਤ ਤੇ ਰਾਜ ਕਰ ਲਿਆ ਤਾਂ ਉਹਨਾਂ ਨੇ ਆਪਣੇ ਵਪਾਰਕ ਲਾਭ ਲਈ ਭਾਰਤ ਵਿਚ ਬਹੁਤ ਸਾਰੀਆਂ ਕੰਪਨੀਆਂ ਦੀ ਸਥਾਪਨਾ ਕੀਤੀ। ਉਹਨਾਂ ਨੇ ਭਾਰਤੀ ਲੋਕਾਂ ਦੇ ਮਨਾਂ ਨੂੰ ਪੜ੍ਹਨ ਲਈ ਉਹਨਾਂ ਦੀ ਜ਼ੁਬਾਨ ਤੇ ਜੋ ਗੀਤ ਸਨ ਉਹਨਾਂ ਨੂੰ ਸੰਕਲਿਤ ਕੀਤਾ ਗਿਆ। ਉਸ ਸਮੇਂ ਕੁਝ ਔਰਤਾਂ ਲੋਕਾਂ ਦੇ ਮੰਨੋਰੰਜਨ ਕਰਨ ਲਈ ਗਾਉਂਦੀਆਂ ਸਨ। ਦੇਖਿਆ ਜਾਵੇ ਤਾਂ ਦੋਗਾਣਾ ਗੀਤਕਾਰੀ ਦਾ ਆਰੰਭ ਮਰਦ-ਮਰਦ ਦੀ ਜ਼ੁਬਾਨ ਵਿਚ ਹੀ ਹੋਇਆ ਹੈ। ਦੋਗਾਣੇ ਦੇ ਆਰੰਭ ਬਾਰੇ ਡਾ. ਹਰਿੰਦਰ ਕੌਰ ਸੋਹਲ ਲਿਖਦੀ ਹੈ-

ਜੇਕਰ ਡਿਊਟ ਦਾ ਆਰੰਭ ਵੇਖਣਾ ਹੋਵੇ ਤਾਂ ਇਸਦੀ ਇਕ ਤਵੇ ਦੇ ਰੂਪ ਵਿਚ ਰਿਕਾਰਡਿੰਗ 1908 ਤੋਂ 1915 ਦੇ ਵਿਚਕਾਰ ਦੀ ਮਿਲਦੀ ਹੈ, ਜੋ ਦੋ ਭਰਾਵਾਂ ਦੀ ਆਵਾਜ਼ ਵਿਚ ਹੈ, ਉਸ ਸਮੇਂ ਔਰਤਾਂ ਦੇ ਗਾਉਣ ਦਾ ਰਿਵਾਜ਼ ਬਹੁਤ ਘੱਟ ਸੀ। ਇਸ ਕਰਕੇ ਉਸ ਵੇਲੇ ਦੇ ਇਹ ਪਹਿਲੇ ਡਿਊਟ ਗਾਇਕ ਸਵੀਕਾਰੇ ਗਏ ਸਨ।[6]

ਵੀਹਵੀਂ ਸਦੀ ਦੇ ਛੇਵੇ ਦਹਾਕੇ ਤੋਂ ਪਹਿਲਾਂ ਤਾਂ ਬਹੁਤ ਹੀ ਘੱਟ ਗੀਤ ਔਰਤ-ਮਰਦ ਦੁਆਰਾ ਗਾਏ ਹੋਏ ਮਿਲਦੇ ਹਨ ਪਰ ਜਦੋਂ 1960 ਵਿਚ ਪੰਜਾਬ ਵਿਚ ਹਰੀ-ਕ੍ਰਾਤੀ ਆਈ ਤਾਂ ਉਸ ਸਮੇਂ ਪੈਦਾਵਰ ਵਿਚ ਬਹੁਤ ਹੀ ਇਜ਼ਾਫ਼ਾ ਹੋਇਆ। ਪੈਦਾਵਰ ਵਧਣ ਨਾਲ ਪੰਜਾਬ ਦਾ ਕਿਸਾਨ ਖ਼ੁਸ਼ਹਾਲ ਹੋ ਗਿਆ । ਉਸ ਨੇ ਵਿਆਹ ਸ਼ਾਦੀਆਂ ਉੱਪਰ ਅਖਾੜੇ ਲਗਵਾਉਣੇ ਸ਼ੁਰੂ ਕਰ ਦਿੱਤੇ। ਇਹਨਾਂ ਅਖਾੜਿਆਂ ਤੇ ਕਿਸਾਨੀ ਜੀਵਨ ਦਾ ਹਾਲ ਦੋਗਾਣਾ ਗਾਇਕ ਜੋੜੀ ਵੱਲੋਂ ਮੰਚ ਤੇ ਬਿਆਨ ਕੀਤਾ ਜਾਣ ਲੱਗ ਪਿਆ। ਹਰੀ-ਕ੍ਰਾਤੀ ਦੇ ਨਾਲ ਪੰਜਾਬੀ ਦੋਗਾਣਾ ਗੀਤਕਾਰੀ ਵਿਚ ਵੀ ਨਵੀਂ ਕ੍ਰਾਤੀ ਆਈ। ਹਰੇਕ ਪਿੰਡ ਵਿਚ ਦੋਗਾਣਾ ਗਾਇਕੀ ਨੇ ਜਸ਼ਨਾਵੀ ਮਾਹੌਲ ਬਣਾ ਦਿੱਤਾ। ਸਿਮਰਨਜੀਤ ਸਿੰਘ ਲਿਖਦੇ ਹਨ-

ਇਹ ਉਹੀ ਦੌਰ ਹੈ ਜਦੋਂ ਪੰਜਾਬ ਦੇ ਹਰ ਵਿਆਹ ਵਿੱਚ ਦੋਗਾਣਾ ਜੋੜੀ ਨੂੰ ਨਾਲ ਲਿਜਾਣ ਦਾ ਫੈਸ਼ਨ ਬਣ ਗਿਆ ਜਿਸਦੇ ਫਲਸਰੂਪ ਤੇਜ਼ੀ ਨਾਲ ਕਈ ਨਵੇਂ ਗਾਇਕਾਂ ਦਾ ਇਸ ਖੇਤਰ ਵਿਚ ਪ੍ਰਵੇਸ਼ ਹੋਇਆ। ਦੂਜੇਂ ਪਾਸੇ ਪੰਜਾਬੀ ਰਿਕਾਰਡਿੰਗ ਦੇ ਖੇਤਰ ਵਿੱਚ ਇਸ ਦੌਰ ਨੂੰ ਹੀ ਸੁਨਿਹਰੇ ਕਾਲ ਵਜੋਂ ਜਾਣਿਆ ਜਾਂਦਾ ਹੈ।[7]

ਇਸ ਦੌਰ ਵਿਚ ਤਵਿਆਂ ਉੱਪਰ ਗੀਤ ਰਿਕਾਰਡ ਹੋਣ ਲੱਗ ਪਏ ਇਹਨਾਂ ਤਵਿਆਂ ਨੂੰ ਵਿਆਹ ਸ਼ਾਦੀਆਂ ਉੱਪਰ ਚਲਾਇਆ ਜਾਂਦਾ ਸੀ। ਇਸ ਦੌਰ ਵਿਚ ਤਕਨੀਕ ਦੇ ਵਿਕਸਿਤ ਹੋ ਜਾਣ ਨਾਲ ਸੰਗੀਤ, ਗਾਇਕੀ, ਅਤੇ ਸਟੇਜੀ ਗਾਇਕੀ ਵਿਚ ਬਹੁਤ ਹੀ ਪਰਿਵਰਤਨ ਆਏ। ਵਿਆਹ ਸ਼ਾਦੀਆਂ ਉੱਪਰ ਅਖਾੜਾ ਗਾਇਕੀ ਬਹੁਤ ਹੀ ਮਕਬੂਲ ਹੋਈ। ਬਹੁਤ ਸਾਰੀਆਂ ਦੋਗਾਣਾ ਗਾਇਕ ਜੋੜੀਆਂ ਉਭਰ ਕੇ ਸਾਹਮਣੇ ਆਈਆਂ। ਸਭ ਤੋਂ ਪਹਿਲੀ ਦੋਗਾਣਾ ਗਾਇਕ ਜੋੜੀ ਚਾਂਦੀ ਰਾਮ ਅਤੇ ਸ਼ਾਤਾ ਦੇਵੀ ਨੂੰ ਮੰਨਿਆਂ ਜਾਂਦਾ ਹੈ। ਉਸ ਤੋਂ ਬਾਅਦ ਤਾਂ ਅਨੇਕ ਹੀ ਗਾਇਕ ਜੋੜੀਆਂ ਸਾਹਮਣੇ ਆਈਆਂ। ਜਿਵੇਂ- ਮਹੁੰਮਦ ਸਦੀਕ ਅਤੇ ਬੀਬਾ ਰਣਜੀਤ ਕੌਰ, ਨੇ ਬਹੁਤ ਲੰਮਾ ਸਮਾਂ ਦੋਗਾਣਾ ਗੀਤਕਾਰੀ ਰਾਹੀਂ ਦਰਸ਼ਕਾਂ ਦਾ ਮੰਨੋਰੰਜਨ ਕੀਤਾ।

ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਤੋਂ ਬਾਅਦ ਅਤੇ ਵਿਸ਼ਵੀਕਰਨ ਤੋਂ ਪਹਿਲਾਂ ਪੰਜਾਬੀ ਗੀਤਕਾਰੀ ਵਿਚ ਅਮਰ ਸਿੰਘ ਚਮਕੀਲਾ ਨੇ ਇਕ ਨਵਾਂ ਮੋੜ ਲਿਆਦਾ। ਚਮਕੀਲਾ  ਆਪਣੇ ਗੀਤਾਂ ਦੀਆਂ ਤਰਜ਼ਾਂ ਆਪ ਖ਼ੁਦ ਬਣਾਉਂਦਾ ਸੀ ਜੋ ਕਿ ਆਮ ਪੇਂਡੂ ਜੀਵਨ ਦੇ ਲੋਕਾਂ ਨੂੰ ਬਹੁਤ ਹੀ ਫਿੱਟ ਬੈਠੀਆਂ। ਅਮਰ ਸਿੰਘ ਚਮਕੀਲੇ ਦਾ ਪੰਜਾਬੀ ਗੀਤਕਾਰੀ ਵਿਚ ਮਕਬੂਲ ਹੋਣ ਦਾ ਮੁੱਖ ਕਾਰਨ ਇਹ ਹੈ ਕਿ ਉਹ ਗੀਤ ਵੀ ਆਪ ਲਿਖਦਾ ਸੀ ਅਤੇ ਇਹਨਾਂ ਗੀਤਾਂ ਵਿਚ ਆਮ ਪੇਂਡੂ ਮੁਹਾਵਰੇ ਦੀ ਸ਼ਬਦਾਵਲੀ ਦੀ ਵਰਤੋਂ ਵੀ ਕਰਦਾ ਸੀ।ਸਿਮਰਨਜੀਤ ਸਿੰਘ ਅਨੁਸਾਰ-

ਚਮਕੀਲੇ ਤੋਂ ਪਹਿਲਾਂ ਰਿਕਾਰਡ ਹੋਣ ਵਾਲੀ ਗੀਤਕਾਰੀ ਵਿੱਚ ਗੀਤ ਦੇ ਬੋਲਾਂ ਪਿੱਛੇ ਉਸਦੇ ਅਸਲ ਅਰਥ ਲੁਕੇ ਹੁੰਦੇ ਸਨ। ਗੀਤ ਵਿਚਲਾ ਇਹ ਕਾਰਜ ਪ੍ਰਤੀਕ ਜਾਂ ਸੰਕੇਤ ਰੂਪ ਵਿੱਚ ਹੁੰਦਾ ਸੀ ਜਿਸ ਨੂੰ ਸੁਣਦਿਆਂ ਹਰ ਕੋਈ ਆਪਣੀ ਸਮਝ ਅਨੁਸਾਰ ਉਸਦੇ ਅਰਥ ਕਰ ਲੈਂਦਾ ਸੀ। ਪਰ ਚਮਕੀਲੇ ਦੀ ਗੀਤਕਾਰੀ ਵਿਚ ਇਹ ਸੰਕੇਤ ਹੁਣ- ਸਿੱਧੇ ਸਪਾਟ ਦ੍ਰਿਸ਼ਟਾਤ ਬਣ ਗਏ ਜੋ ਪੇਂਡੂ ਜਨ-ਜੀਵਨ ਨੂੰ ਸੌਖੇ ਸਮਝ ਆ ਗਏ ਜਿਸ ਕਰਕੇ ਉਸਦੀ ਪਾਪੂਲਰਟੀ ਵਧੀ।[8]

ਸੋ ਚਮਕੀਲੇ ਦੀ ਗੀਤਕਾਰੀ ਪੰਜਾਬ ਵਿਚ ਬਹੁਤ ਹੀ ਪਾਪੂਲਰ ਹੋਈ। ਇਸ ਤੋਂ ਬਾਅਦ ਪੰਜਾਬ ਵਿਚ ਖਾੜਕੂ ਲਹਿਰ ਉੱਠ ਪਈ। ਇਸ ਲਹਿਰ ਨੇ ਸਾਰੇ ਪੰਜਾਬ ਅਤੇ ਪੰਜਾਬੀ ਗਾਇਕੀ ਤੇ ਹੀ ਮਾੜਾ ਅਸਰ ਪਾਇਆਂ। ਇਸ ਲਹਿਰ ਦੀ ਭੇਟ ਚਮਕੀਲਾ ਅਤੇ ਹੋਰ ਦੋਗਾਣਾ ਗਾਇਕ ਜੋੜੀਆਂ ਵੀ ਚੜ੍ਹ ਗਈਆਂ। ਇਸ ਲਹਿਰ ਨੇ ਐਨੀ ਦਹਿਸ਼ਤ ਪੈਦਾ ਕਰ ਦਿੱਤੀ ਕਿ ਕਈ ਗਾਇਕਾ ਨੇ ਗਾਉਣਾ ਹੀ ਛੱਡ ਦਿੱਤਾ ਅਤੇ ਪਰਵਾਸ ਧਾਰਨ ਕਰ ਲਿਆ। ਇਸ ਦਹਾਕੇ ਵਿਚ ਲਗਭਗ ਦੋਗਾਣਾ ਗੀਤਕਾਰੀ ਅਲੋਪ ਹੀ ਹੋ ਗਈ । ਦੋਗਾਣਾ ਗਾਇਕੀ ਦੀ ਜਗ੍ਹਾ ਤੇ ਸੋਲੋ ਜਾਂ ਇਕਹਿਰੀ ਗੀਤਕਾਰੀ ਨੇ ਆਪਣਾ ਸਥਾਨ ਬਣਾਉਣਾ ਸ਼ੁਰੂ ਕਰ ਦਿੱਤਾ।

ਦੋਗਾਣਾ ਗੀਤਕਾਰੀ ਤੋਂ ਬਾਅਦ ਸੋਲੋ ਗੀਤਕਾਰੀ ਨੇ ਆਪਣਾ ਜਲਵਾ ਦਿਖਾ ਕੇ ਲੋਕਾਂ ਦਾ ਮੰਨੋਰੰਜਨ ਕੀਤਾ। ਗੁਰਦਾਸ ਮਾਨ ਸਟਾਰ ਕਲਾਕਾਰ ਦੇ ਤੌਰ ਤੇ ਉਭਰ ਇਕ ਸਾਹਮਣੇ ਆਇਆ। ਇਸ ਗੀਤਕਾਰੀ ਨੇ ਆਪਣੇ ਵਿਸ਼ਿਆਂ ਵਿਚ ਤਬਦੀਲੀ ਕਰ ਲਈ ਸੀ। ਲਹਿਰ ਦਾ ਪ੍ਰਭਾਵ ਹੋਣ ਕਰਕੇ ਕਾਫ਼ੀ ਸਮਾਂ ਤਾਂ ਸਪੀਕਰਾਂ ਤੇ ਧਾਰਮਿਕ ਗੀਤ ਹੀ ਵੱਜਦੇ ਰਹੇ। ਇਸ ਪ੍ਰਭਾਵ ਦੇ ਫਿੱਕਾ ਪੈਣ ਨਾਲ ਇਹ ਗਾਇਕੀ ਕਾਲਜਾਂ ਯੂਨੀਵਰਸਿਟੀਆਂ ਵਿਚ ਵੜ੍ਹ ਗਈ। ਉਸ ਸਮੇਂ ਇਸ ਗਾਇਕੀ ਵਿਚ ਕਾਲਜਾਂ ਵਿਚ

ਪੜ੍ਹਦੇ ਮੁੰਡੇ-ਕੁੜੀਆਂ ਦੇ ਅਸਫ਼ਲ ਪਿਆਰ ਦੀ ਦਾਸਤਾਨ ਬਿਆਨ ਕੀਤੀ ਗਈ। ਇਸ ਸਮੇਂ ਅਨੇਕ ਹੀ ਉਦਾਸ ਗੀਤ ਹੋਂਦ ਵਿਚ ਆਏ। ਇਹਨਾਂ ਗੀਤਾਂ ਨੂੰ ਲਿਖਣ ਵਾਲੇ ਮੁੱਖ ਤੌਰ ਤੇ ਭਿੰਦਰ ਡੱਬਵਾਲੀ, ਬਚਨ ਬੇਦਿਲ, ਧਰਮ ਕੰਮੇਆਣਾ, ਜੈਦਕਾ, ਨੀਲੇ ਖਾਂ ਆਦਿ ਗੀਤਕਾਰ ਸਨ। ਇਹਨਾਂ ਗੀਤਕਾਰਾਂ ਦੀ ਕਲਮ ਨੂੰ ਆਵਾਜ਼ ਧਰਮਪ੍ਰੀਤ, ਹਰਦੇਵ ਮਾਹੀਨੰਗਲ, ਜਸਵਿੰਦਰ ਬਰਾੜ, ਅਮ੍ਰਿਤਾ ਵਿਰਕ ਅਤੇ ਲਾਭ ਹੀਰਾ ਨੇ ਦਿੱਤੀ।

1990 ਤੋਂ ਵਿਸ਼ਵੀਕਰਨ ਦੇ ਆਉਣ ਨਾਲ ਪੰਜਾਬੀ ਗੀਤਕਾਰੀ ਦਾ ਰੁਝਾਨ ਮੁੜ ਤੋਂ ਬਦਲ ਗਿਆ ਇਸ ਸਮੇਂ ਮਨੁੱਖੀ ਸਭਿਅਤਾ ਅਤੇ ਮਨੁੱਖੀ ਸੰਵੇਦਨਾਵਾਂ ਨੂੰ ਦਰਕਿਨਾਰ ਕਰਕੇ ਮੁਨਾਫ਼ੇ ਨੂੰ ਮੁੱਖ ਬਣਾ ਕੇ ਗੀਤਾਂ ਪੇਸ਼ਕਾਰੀ ਹੋਣ ਲੱਗ ਪਈ। ਵੱਖ-ਵੱਖ ਕੰਪਨੀਆਂ ਨੇ ਗੀਤ ਰਿਕਾਰਡ ਕਰਨੇ ਸ਼ੁਰੂ ਕਰ ਦਿੱਤੇ ਉਹ ਆਪਣੇ ਮੁਨਾਫ਼ੇ ਦੇ ਹਿੱਤ ਨੂੰ ਮੱਦੇਨਜ਼ਰ ਰੱਖ ਕੇ ਗੀਤ ਮਾਰਕੀਟ ਵਿਚ ਉਤਾਰਨ ਲੱਗੀਆਂ। ਇਸ ਸਮੇਂ ਦੋਗਾਣਾ ਗਾਇਕੀ ਵਿਚ ਮੁੜ ਤੋਂ ਉਛਾਲ ਆਉਣਾ ਸ਼ੁਰੂ ਹੋ ਗਿਆ। ਇਸ ਸਮੇਂ ਇਸ ਦੋਗਾਣਾ ਗਾਇਕੀ ਦੇ ਵਿਸ਼ੇ ਕਿਸਾਨੀ ਸੰਕਟ, ਪਰਵਾਸ, ਪ੍ਰੇਮੀ-ਪ੍ਰੇਮਿਕਾ, ਆਦਿ ਬਣੇ। ਇਸ ਗਾਇਕੀ ਵਿਚ ਮਹਿੰਗੇ ਬਰਾਂਡ, ਮਹਿੰਗੀਆਂ ਗੱਡੀਆ, ਸਾਪਿੰਗ ਮਾਲਾਂ, ਦਾ ਜ਼ਿਕਰ ਹੋਣਾ ਲਾਜ਼ਮੀ ਬਣ ਗਿਆ। ਇਸ ਤੋਂ ਬਾਅਦ ਸਮੁੱਚੀ ਗੀਤਕਾਰੀ ਨੂੰ ਪ੍ਰਸਾਰਿਤ ਕਰਨ ਲਈ ਇੰਟਰਨੈੱਟ ਨੇ ਆਪਣਾ ਯੋਗਦਾਨ ਪਾਇਆ।

ਅਜੋਕੇ ਸਮੇਂ ਵਿਚ ਪੰਜਾਬੀ ਦੋਗਾਣਾ ਗੀਤਕਾਰੀ ਆਪਣੇ ਪੂਰੇ ਜਲੋਅ ਉੱਪਰ ਦਿਖਾਈ ਦਿੰਦੀ ਹੈ ਕਿਉਂਕਿ ਅਜੋਕੇ ਸਮੇਂ ਵਿਚ ਇੰਟਰਨੈੱਟ ਦਾ ਦੌਰ ਸ਼ੁਰੂ ਹੋ ਚੁੱਕਾ ਹੈ। ਇੰਟਰਨੈੱਟ ਤੋਂ ਪਹਿਲਾਂ ਗੀਤਕਾਰੀ ਨੂੰ ਸਕਰੀਨ ਉੱਪਰ ਵੇਖਣਯੋਗ ਟੈਲੀਵਿਜ਼ਨ ਨੇ ਬਣਾਇਆ ਸੀ ਪਰ ਅਜੋਕੇ ਸਮੇਂ ਵਿਚ ਇੰਟਰਨੈੱਟ ਨਾਲ ਗੀਤਕਾਰੀ ਦਾ ਫ਼ਿਲਮਾਂਕਣ ਵੱਡੇ ਪੱਧਰ ਤੇ ਹੋਣ ਲੱਗ ਪਿਆ ਹੈ। ਇੰਟਰਨੈੱਟ ਦੇ ਆਉਣ ਨਾਲ ਹਾਸ਼ੀਏ ਤੋਂ ਵੀ ਪਾਰ ਧੱਕੇ ਕਲਾਕਾਰਾਂ ਨੂੰ ਵੀ ਸਪੇਸ ਮਿਲੀ। ਇਹਨਾਂ ਗਾਇਕਾਂ ਨੇ ਯੂ-ਟਿਊਬ ਉੱਪਰ ਸ਼ੋਸ਼ਲ ਸਾਈਟਾਂ ਬਣਾ ਕੇ ਮਕਬੂਲੀਅਤ ਹਾਸਲ ਕੀਤੀ। ਸ਼ੈਰੀਮਾਨ ਦਾ ਗੀਤ ਯਾਰ ਅਣਮੁੱਲੇ ਗੀਤ ਸ਼ੋਸ਼ਲ ਸਾਈਟ ਜ਼ਰੀਏ ਹੀ ਪਾਪੂਲਰ ਹੋਇਆ। ਵੱਖ-ਵੱਖ ਗਾਇਕਾ ਨੇ ਮਿਸ ਪੂਜਾ ਅਤੇ ਹੋਰ ਗਾਇਕਾਵਾਂ ਨਾਲ ਗੀਤ ਰਿਕਾਰਡ ਕਰਵਾ ਕੇ ਉਹਨਾਂ ਗੀਤਾਂ ਦਾ ਫ਼ਿਲਮਾਂਕਣ ਕੀਤਾ। ਅਜੋਕੇ ਸਮੇਂ ਦੇ ਪਹਿਲੇ ਦੋ ਦਹਾਕਿਆਂ ਵਿਚ ਦੋਗਾਣਾ ਗੀਤਕਾਰੀ ਪੂਰੇ ਜੋਬਨ ਤੇ ਸੀ।ਕਿਉਕਿ ਇਸ ਸਮੇਂ ਐਲਬਮ ਦਾ ਦੌਰ ਸੀ। ਇਸ ਸਮੇਂ ਮਿਸ ਪੂਜਾ ਦੇ ਗੀਤਾਂ ਦੀ ਤੂਤੀ ਬੋਲਦੀ ਸੀ ਪਰ ਅੰਸ਼ਿਕ ਪੱਧਰ ਤੇ ਮਿਸ ਪੂਜਾ ਦੇ ਸਮਾਂਤਰ ਪ੍ਰਵੀਨ ਭਾਰਟਾ, ਸੁਦੇਸ਼ ਕੁਮਾਰੀ ਨੇ ਵੱਖ-ਵੱਖ ਕਲਾਕਾਰਾਂ ਨਾਲ ਆਪਣੇ ਗੀਤ ਰਿਕਾਰਡ ਕਰਵਾਏ। ਵਰਤਮਾਨ ਸਮੇਂ ਵਿਚ ਗੁਰਲੇਜ ਅਖਤਰ, ਸੁਦੇਸ਼ ਕੁਮਾਰੀ, ਸ਼ਿਪਰਾ ਗੋਇਲ ਗਾਇਕਾਵਾਂ ਨੇ ਵੱਖ-ਵੱਖ ਕਲਾਕਾਰਾਂ ਨਾਲ ਗੀਤ ਗਾ ਕੇ ਮਕਬੂਲੀਅਤ ਹਾਸਲ ਕੀਤੀ। ਜਿਵੇ ਹਰਪ੍ਰੀਤ ਢਿੱਲੋਂ ਤੇ ਮਿਸ ਪੂਜਾ ਦਾ ਗੀਤ ਹੈ-

**ਔਰਤ-** ਹੋਇਆ ਕਾਹਤੋਂ ਫਿਰਦਾ ਸ਼ੁਦਾਈ ਮੁੰਡਿਆਂ,

ਘਰੋਂ ਆਉਣਾ ਕਰਨ ਪੜ੍ਹਾਈ ਮੁੰਡਿਆਂ,

ਮਿਹਨਤਾਂ ਦੀ ਬਾਪੂ ਦੀ ਕਮਾਈ ਮੁੰਡਿਆਂ,

ਨਸ਼ਿਆਂ ਚ ਜਾਨਾਂ ਏ ਉਡਾਈ ਮੁੰਡਿਆਂ

IJFANS INTERNATIONAL JOURNAL OF FOOD AND NUTRITIONAL SCIENCES
ISSN PRINT 2319 1775 Online 2320 7876
Research Paper © 2012 IJFANS. All Rights Reserved, Journal UGC CARE Listed (Group-I) Volume 11,Sp Iss 11A 2022

**ਮਰਦ-** ਸਾਡੇ ਬਾਪੂ ਦੀ ਕਮਾਈ ਦੱਸ ਤੈਨੂੰ ਕੀ,

ਅਸੀਂ ਜਾਨੇ ਆ ਗਵਾਈ ਦੱਸ ਤੈਨੂੰ ਕੀ,

ਸਾਡੇ ਘਰ ਚ ਲੜਾਈ ਦੱਸ ਤੈਨੂੰ ਕੀ,

ਲੱਖ ਸਾਡੇ ਚ ਬੁਰਾਈ ਦੱਸ ਤੈਨੂੰ ਕੀ,

ਅਸੀਂ ਹੋ ਗੇ ਕਰਜ਼ਾਈ ਦੱਸ ਤੈਨੂੰ ਕੀ।[9]

ਮਿਸ ਪੂਜਾ ਨੇ ਵੱਖ-ਵੱਖ ਕਲਾਕਾਰਾਂ ਨਾਲ ਅਲੱਗ-ਅਲੱਗ ਵਿਸ਼ਿਆਂ ਤੇ ਗਾਇਆ। ਪੂਜਾ ਦੇ ਸਮੇਂ ਤੋਂ ਬਾਅਦ ਦੋਗਾਣਾ ਗੀਤਕਾਰੀ ਥੋੜ੍ਹੀ ਮੱਧਮ ਪੈ ਗਈ। ਦੋਗਾਣਾ ਗੀਤਕਾਰੀ ਦੀ ਜਗ੍ਹਾਂ ਸੋਲੋ ਗੀਤਕਾਰੀ ਨੇ ਲੈ ਲਈ ਜੇ ਕਿਤੇ ਨਾ ਕਿਤੇ ਦੋਗਾਣਾ ਗੀਤਕਾਰੀ ਦੀ ਹੋਂਦ ਸੀ ਤਾਂ ਉਹ ਮਰਦ-ਮਰਦ ਦੁਆਰਾ ਗਾਏ ਗਏ ਗੀਤਾਂ ਦੀ ਸੀ। ਔਰਤ-ਮਰਦ ਦੁਆਰਾ ਗਾਈ ਜਾਣ ਵਾਲੀ ਗਾਇਕੀ ਪਤਾ ਨਹੀਂ ਕਿਧਰ ਖੰਭ ਲਾ ਕੇ ਉੱਡ ਗਈ। ਦੋਗਾਣਾ ਗੀਤਕਾਰੀ ਦੇ ਅਲੋਪ ਹੋਣ ਦਾ ਮੁੱਖ ਕਾਰਨ ਸਾਨੂੰ ਮਹਿਸੂਸ ਹੁੰਦਾ ਹੈ ਕਿ ਅਜੋਕੇ ਪੂੰਜੀਵਾਦੀ ਯੁੱਗ ਵਿਚ ਹਰੇਕ ਚੀਜ਼ ਨੂੰ ਮੁਨਾਫ਼ੇ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ ਸੋ ਦੂਜੇ ਦਹਾਕੇ ਵਿਚ ਵੀ ਅਜਿਹਾ ਹੀ ਹੋਇਆ ਕਿਉਂਕਿ ਐਲਬਮ ਉੱਪਰ ਖ਼ਰਚ ਜ਼ਿਆਦਾ ਆਉਂਦਾ ਸੀ ਸ਼ੋਸ਼ਲ ਸਾਈਟਾਂ ਦੀ ਵਰਤੋਂ ਕਰਕੇ ਇਸ ਦੀ ਭਰਪਾਈ ਔਖੀ ਹੁੰਦੀ ਸੀ। ਇਸ ਤਰ੍ਹਾਂ ਕਲਾਕਾਰਾਂ ਨੇ ਸਿੰਗਲ ਟਰੈਕ ਮਾਰਕੀਟ ਵਿਚ ਉਤਾਰਨੇ ਸ਼ੁਰੂ ਕਰ ਦਿੱਤੇ। ਉਹ ਵੱਖ-ਵੱਖ ਸਮੇਂ ਦੇ ਵਕਫ਼ਿਆਂ ਅਨੁਸਾਰ ਸਿੰਗਲ ਟਰੈਕ ਕੱਢ ਕੇ ਤਜਰਬੇ ਕਰਨ ਲੱਗੇ। ਜੇਕਰ ਉਹਨਾਂ ਦਾ ਸਿੰਗਲ ਟਰੈਕ ਚੱਲ ਜਾਂਦਾ ਸੀ ਤਾਂ ਵਿਆਹ ਸ਼ਾਦੀਆਂ ਉੱਪਰ ਉਹਨਾਂ ਨੂੰ ਪ੍ਰੋਗਰਾਮ ਮਿਲ ਜਾਂਦੇ ਸਨ। ਇਸ ਤਰ੍ਹਾਂ ਘੱਟ ਮਿਹਨਤ ਤੇ ਮੁਨਾਫ਼ਾ ਵੱਧ ਮਿਲਣ ਲੱਗ ਪਿਆ। ਇਸ ਦੌਰ ਤੋਂ ਲਗਭਗ ਛੇ ਸਾਲ ਬਾਅਦ 2018 ਦੇ ਕਰੀਬ ਦੋਗਾਣਾ ਗੀਤਕਾਰੀ ਫਿਰ ਤੋਂ ਸਾਹਮਣੇ ਆਉਣੀ ਸ਼ੁਰੂ ਹੋਈ।

ਇੱਕੀਵੀਂ ਸਦੀ ਦੇ ਦੂਜੇ ਦਹਾਕੇ ਵਿਚ ਮਿਸ ਪੂਜਾ ਦੀ ਤਰ੍ਹਾਂ ਗੁਰਲੇਜ਼ ਅਖ਼ਤਰ ਨੇ ਵੱਖ-ਵੱਖ ਗਾਇਕਾਂ ਨਾਲ ਗੀਤ ਗਾ ਕੇ ਮਕਬੂਲੀਅਤ ਹਾਸਲ ਕੀਤੀ। ਗੁਰਲੇਜ ਅਖ਼ਤਰ ਨੇ ਵੀ ਇਸ ਦਹਾਕੇ ਵਿਚ ਲਗਭਗ ਸਾਰੇ ਪਾਪੂਲਰ ਗਾਇਕਾਂ ਨਾਲ ਦੋਗਾਣਾ ਗਾਇਆ। ਇਸ ਸਮੇਂ ਇਸ ਨਾਲ ਦੋਗਾਣਾ ਗਾਉਣ ਵਾਲੇ ਮੁੱਖ ਗਾਇਕ ਆਰ ਨੇਤ, ਖਾਨ ਭੈਣੀ, ਸਿੱਧੂ ਮੂਸੇਵਾਲਾ, ਦਿਲਪ੍ਰੀਤ ਢਿੱਲੋਂ ਆਦਿ ਗਾਇਕ ਸਨ। ਅੱਜ ਵੀ ਗੁਰਲੇਜ਼ ਅਖ਼ਤਰ ਦੇ ਨਾਲ ਅਫ਼ਸਾਨਾ ਖਾਨ, ਸਿਪਰਾ ਗੋਇਲ ਅਤੇ ਸੁਦੇਸ਼ ਕੁਮਾਰੀ ਦੋਗਾਣਾ ਗੀਤ ਗਾ ਰਹੀਆਂ ਹਨ।

ਅਜੋਕੇ ਸਮੇਂ ਦੀ ਦੋਗਾਣਾ ਗੀਤਕਾਰੀ ਤੇ ਜਦੋਂ ਅਸੀਂ ਝਾਤ ਮਾਰਦੇ ਹਾਂ ਤਾਂ ਇਸ ਵਿਚ ਅਨੇਕ ਪਰਿਵਰਤਨ ਜਾਂ ਬਦਲਾਉ ਸਾਡੇ ਨਜ਼ਰੀ ਪੈਂਦੇ ਹਨ। ਅਜੋਕੇ ਸਮੇਂ ਦੇ ਮੁੱਢਲੇ ਵਰ੍ਹਿਆਂ ਦੀ ਗੀਤਕਾਰੀ ਮੁੱਖ ਤੌਰ ਕੇ ਪਤੀ-ਪਤਨੀ, ਪੇਂਡੂ ਸਭਿਆਚਾਰ, ਆਸ਼ਕ-ਮਸ਼ੂਕ ਆਦਿ ਵਿਸ਼ਿਆ ਦੁਆਲੇ ਹੀ ਕੇਂਦਰਿਤ ਹੈ। ਪੰਜਾਬ ਵਿੱਚ ਪਤੀ-ਪਤਨੀ ਦੇ ਰਹਿਣ-ਸਹਿਣ ਦੀ ਸ਼ੈਲੀ ਬਾਰੇ ਡਾ. ਰਾਜਿੰਦਰ ਪਾਲ ਸਿੰਘ ਲਿਖਦੇ ਹਨ-

ISSN PRINT 2319 1775 Online 2320 7876
*Research Paper* © 2012 IJFANS. All Rights Reserved, Journal UGC CARE Listed (Group-I) Volume 11,Sp Iss 11A 2022

ਪਤੀ-ਪਤਨੀ ਦੇ ਵਿਆਹੁਤਾ ਜੀਵਨ ਵਿਚ ਅਜੇ ਵੀ ਘਰ ਹੀ ਕੇਂਦਰੀ ਚਿੰਨ੍ਹ ਹੈ। ਪੰਜਾਬੀ ਜੀਵਨ ਵਿਚ ਪਤੀ ਪਤਨੀ ਦੇ ਫਲੈਟਾਂ ਜਾਂ ਹੋਟਲਾਂ ਵਿਚ ਰਹਿਣ ਦੀ ਤਸਵੀਰ ਨਹੀਂ ਬਣੀ।[10]

ਇਸ ਗੀਤਕਾਰੀ ਵਿਚ ਔਰਤ ਦਾ ਮਰਦ ਵੱਲੋਂ ਸ਼ੋਸ਼ਣ ਵੀ ਬਹੁਤ ਘੱਟ ਹੋਇਆ ਮਿਲਦਾ ਹੈ। ਕਈ ਗੀਤਾਂ ਵਿਚ ਉਹ ਨਾਇਕ ਦਾ ਰੋਲ ਅਦਾ ਕਰਦੀ ਹੀ ਨਜ਼ਰ ਆਉਂਦੀ ਹੈ। ਇਹਨਾਂ ਗੀਤਾਂ ਵਿਚ ਜ਼ਿਆਦਾਤਰ ਉਸ ਦੀ ਤਾਰੀਫ਼ ਹੀ ਹੋਈ ਹੈ। ਉਦਾਸ ਗੀਤਾਂ ਵਿਚ ਉਸਨੂੰ ਕਿਤੇ ਨਾ ਕਿਤੇ ਦੋਸ਼ੀ ਠਹਿਰਾਇਆ ਗਿਆ ਹੈ। ਇਸ ਗਾਇਕੀ ਵਿਚ ਮੋਬਾਇਲ ਫ਼ੋਨ ਦਾ ਜ਼ਿਕਰ ਆਮ ਹੀ ਮਿਲ ਜਾਂਦਾ ਹੈ। ਇਹਨਾਂ ਗੀਤਾਂ ਵਿਚ ਪਿੰਡਾਂ ਅਤੇ ਸ਼ਹਿਰਾਂ ਦੀ ਜੀਵਨ ਸ਼ੈਲੀ ਦੀ ਤੁਲਨਾ ਕੀਤੀ ਗਈ ਹੈ।ਇਸ ਦਹਾਕੇ ਦੇ ਅੱਧ ਵਿਚ ਦੋਗਾਣਾ ਗੀਤਕਾਰੀ ਵਿਚ ਬਹੁਤ ਹੀ ਵਖਰੇਵੇਂ ਆਏ । ਇਸ ਤੋਂ ਬਾਅਦ ਗੀਤਕਾਰੀ ਦਾ ਮੁਹਾਂਦਰਾ ਬਿਲਕੁਲ ਹੀ ਬਦਲ ਗਿਆ। ਇਸ ਤੋਂ ਪਹਿਲਾਂ ਦੀ ਗੀਤਕਾਰੀ ਪੇਂਡੂ ਸਭਿਆਚਾਰਕ ਮਾਹੌਲ ਤੱਕ ਸੀਮਿਤ ਸੀ ਪਰ ਹੁਣ ਇਹ ਗਾਇਕੀ ਕਾਲਜਾਂ ਸਕੂਲਾਂ ਤੱਕ ਰਸਾਈ ਕਰ ਗਈ। ਇਸ ਵਿਚ ਜੱਟ ਦੀ ਗਰੀਬੀ ਨਹੀਂ ਸਗੋਂ ਉਸਦੀ ਐਸ਼ੋਂ ਇਸ਼ਰਤ ਨੂੰ ਚਮਕਾ ਕੇ ਪੇਸ਼ ਕੀਤਾ ਜਾਂਦਾ ਹੈ। ਇਸ ਵਿਚ ਜੱਟ ਦਾ ਚਰਿੱਤਰ ਵੈਲੀ, ਬਦਮਾਸ਼, ਜਾਂ ਨਸ਼ੇੜੀ ਕਿਸਮ ਦਾ ਹੈ। ਪੰਜਾਬੀ ਗੀਤਕਾਰੀ ਵਿਚ ਨਾਇਕ ਦੀ ਪੇਸ਼ਕਾਰੀ ਬਾਰੇ ਵਿਸ਼ਾਲ ਕੁਮਾਰ ਲਿਖਦੇ ਹਨ-

ਅਜੋਕੀ ਪੰਜਾਬੀ ਗਾਇਕੀ ਵਿਚਲਾ ਮੁੱਖ ਪਾਤਰ ਉਹ ਹੈ ਜਿਹੜਾ ਆਪਣੀ ਸੌੜੀ ਸੋਚ ਕਾਰਨ (ਕਤਲੋਗਾਰਤ) ਕਤਲੋਗਾਰਤ ਵਿਚ ਫਸਿਆ ਹੋਇਆ ਹੈ। ਉਸ ਲਈ ਨਸ਼ੇ ਕਰਨਾ, ਜੇਲ੍ਹ ਜਾਣਾ, ਜੂਏਬਾਜ਼ੀ ਕਰਨਾ ਅਤੇ ਵਿਹਲੜਪੁਣਾ ਸ਼ਾਹ ਦੇ ਪ੍ਰਤੀਕ ਹਨ। ਅਜੋਕੀ ਪੰਜਾਬੀ ਗਾਇਕੀ ਵਿਚ ਬੁਲਟ ਮੋਟਰਸਾਈਕਲ ਤੇ ਗੇੜੀਆਂ ਲਾਉਣੀਆਂ, ਕਾਰ ਦੇ ਅੱਗੇ ਪਿਛੇ ਕੁੜੀ ਦਾ ਨਾਮ ਲਿਖਵਾ ਕੇ ਤੁਰੇ ਫਿਰਨਾ ਅਤੇ ਡੱਬ ਵਿਚ ਰਿਵਾਲਵਰ ਰੱਖਣਾ ਮੁੱਖ ਪਾਤਰ ਦੇ ਭਿੰਨ-ਭਿੰਨ ਅੰਦਾਜ਼ ਹਨ।[11]

ਨਾਇਕ ਦਾ ਚਰਿੱਤਰ ਇਸ ਗੀਤਕਾਰੀ ਵਿਚ ਭਿੰਨ-ਭਿੰਨ ਵੰਨਗੀਆਂ ਦਾ ਹੈ। ਇਸ ਗੀਤਕਾਰੀ ਵਿਚ ਉਹ ਆਪਣੀ ਜੀਵਨ ਸ਼ੈਲੀ ਨਹੀਂ ਬਦਲਣੀ ਚਹੁੰਦਾ। ਉਹ ਆਪਣੇ ਆਪ ਨੂੰ ਜਿਉ ਦਾ ਤਿਉਂ ਕਬੂਲ ਕਰਨ ਨੂੰ ਲੋਚਦਾ ਹੈ। ਪ੍ਰੇਮਿਕਾ ਉਸਦਾ ਵਿਰੋਧ ਕਰਦੀ ਹੈ ਪਰ ਉਹ ਇਸ ਪਾਸੇ ਤੋਂ ਹਟਣ ਲਈ ਤਿਆਰ ਨਹੀਂ। ਉਹ ਹਥਿਆਰ ਗੱਡੀਆਂ ਅਤੇ ਪੈਸੇ ਦੇ ਕੇ ਔਰਤ ਨੂੰ ਆਪਣੇ ਵੱਸ ਵਿਚ ਕਰਨੀ ਦੀ ਕੋਸ਼ਿਸ਼ ਕਰਦਾ ਹੈ। ਇਸ ਗੀਤਕਾਰੀ ਵਿਚ ਔਰਤ ਮਰਦ ਦਾ ਆਪਸੀ ਪਿਆਰ ਅਤੇ ਕੁਦਰਤੀ ਖਿੱਚ ਦਿਖਾਈ ਨਹੀਂ ਦਿੰਦੀ। ਸਗੋਂ ਇਹ ਪਿਆਰ ਤਾਂ ਪੂੰਜੀਵਾਦੀ ਯੁੱਗ ਵਿਚ ਮੁਨਾਫ਼ੇ ਦੀ ਨੀਂਹ ਉੱਪਰ ਉਸਰਿਆ ਪਿਆਰ ਹੈ ਜੋ ਕਿਤੇ ਨਾ ਕਿਤੇ ਜਿਸਮਾਨੀ ਹੋ ਨਿਬੜਦਾ ਹੈ। ਇਸ ਸਮੇਂ ਉਦਾਸ ਗੀਤਾਂ ਦੀ ਬਿਲਕੁਲ ਹੋਂਦ ਨਹੀਂ , ਸਿਰਫ਼ ਬੀਟ ਸੌਂਗ ਨੂੰ ਹੀ ਪਹਿਲ ਦਿੱਤੀ ਗਈ ਹੈ। ਇਸ ਗੀਤਕਾਰੀ ਵਿਚ ਅਤਿਕਥਨੀ ਅਲੰਕਾਰ ਦੀ ਵਰਤੋਂ ਜ਼ਿਆਦਾ ਹੋਈ ਹੈ। ਕਿਤੇ-ਕਿਤੇ ਇਹ ਗੀਤ ਘਰੋਂ ਬਾਹਰ ਨਿਕਲ ਕੇ ਜੀਵਨ ਵਿਚ ਅੱਗੇ ਸੰਘਰਸ਼ ਕਰਨ ਦੀ ਪ੍ਰੇਰਨਾ ਵੀ ਦਿੰਦੇ ਹਨ। ਇਹਨਾਂ ਗੀਤਾਂ ਵਿਚ ਔਰਤ ਲਈ ਜ਼ਿਆਦਾ ਬੰਧਿਸ਼ਾਂ ਨਹੀ ਸਗੋਂ ਕੁਝ ਹੱਦ ਤੱਕ ਉਸਨੂੰ ਖੁੱਲ ਕੇ ਜ਼ਿੰਦਗੀ ਮਾਣਣ ਦੀ ਛੋਟ ਦਿੱਤੀ ਗਈ ਹੈ।

ਅਖਾੜਾ ਗਾਇਕੀ ਦੇ ਦੌਰ ਸਮੇਂ ਦੋਗਾਣਾ ਗੀਤਕਾਰੀ ਸਰੋਤੇ ਦੇ ਪੱਧਰ ਤੇ ਜਾਂ ਸੁਣਨ ਦੇ ਪੱਧਰ ਤੇ ਵਿਚਰਦੀ ਸੀ। ਜਦੋਂ ਅਖਾੜੇ ਵਿਚ ਦੋਗਾਣਾ ਗੀਤਕਾਰੀ ਦੀ ਸਟੇਜ ਉੱਪਰ ਪੇਸ਼ਕਾਰੀ ਹੁੰਦੀ ਸੀ ਤਾਂ ਉਸ ਸਮੇਂ ਦਰਸ਼ਕ ਗਾਇਕ ਜੋੜੀ ਦੀਆਂ ਕਾਮੁਕ ਹਰਕਤਾਂ ਵਿਚੋਂ ਆਨੰਦ ਲੈਂਦੇ ਸਨ। ਸੀ.ਡੀ, ਡੀ.ਵੀ.ਡੀ ਰਾਹੀਂ ਉਹ ਘਰ ਬੈਠ ਕੇ ਗੀਤ ਫਿਲਮਾਂਕਣ ਰਾਹੀਂ ਆਪਣਾ ਮੰਨੋਰੰਜਨ

ISSN PRINT 2319 1775 Online 2320 7876
Research Paper © 2012 IJFANS. All Rights Reserved, Journal UGC CARE Listed (Group-I) Volume 11,Sp Iss 11A 2022

ਕਰਨ ਲੱਗ ਪਏ ਪਰ ਇਸ ਦਹਾਕੇ ਦੇ ਇੰਟਰਨੈੱਟ ਯੂ-ਟਿਊਬ ਦੇ ਸਮੇਂ ਵਿਚ ਮੋਬਾਇਲ ਗਾਇਕੀ ਨੂੰ ਕਿਸੇ ਵੀ ਜਗ੍ਹਾਂ ਦੇਖਿਆ ਜਾ ਸੁਣਿਆ ਜਾ ਸਕਦਾ ਹੈ। ਅਜੋਕੇ ਸਮੇਂ ਵਿਚ ਗੀਤ ਨੂੰ ਸੁਣਨ ਦੀ ਬਜਾਏ ਉਸ ਦੇ ਫ਼ਿਲਮਾਂਕਣ ਉੱਤੇ ਵੱਧ ਜ਼ੋਰ ਦਿੱਤਾ ਜਾਂਦਾ ਹੈ ਅਜੋਕੇ ਸਮੇਂ ਵਿਚ ਲਗਭਗ ਹਰੇਕ ਗੀਤ ਦਾ ਫ਼ਿਲਮਾਂਕਣ ਕੀਤਾ ਗਿਆ ਮਿਲਦਾ ਹੈ ਜਿਹੋ ਜਿਹੇ ਗੀਤ ਦੇ ਬੋਲ ਜਾਂ ਭਾਵ ਹੁੰਦੇ ਹਨ ਉਸ ਦੇ ਆਧਾਰ ਤੇ ਹੀ ਦ੍ਰਿਸ਼ ਚਿਤਰਨ ਕੀਤਾ ਜਾਂਦਾ ਹੈ ਕਿਉਂਕਿ ਸਭਿਆਚਾਰ ਤੇ ਮਨੁੱਖੀ ਆਲਾ-ਦੁਆਲਾ ਹੀ ਮਨੁੱਖ ਦੀ ਸ਼ਖ਼ਸੀਅਤ ਤੇ ਬਹੁਤ ਹੀ ਡੂੰਘਾ ਪ੍ਰਭਾਵ ਪਾਉਂਦਾ ਹੈ। ਇਸ ਵਿਚੋਂ ਹੀ ਮਨੁੱਖ ਦੀ ਮਾਨਸਿਕਤਾ ਬਣਦੀ ਹੈ ਜੋ ਉਸ ਦੇ ਵਿਹਾਰ ਵਿਚੋਂ ਆਮ ਹੀ ਝਲਕਦੀ ਨਜ਼ਰ ਆਉਂਦੀ ਹੈ। ਉਦਾਹਰਨ ਵਜੋਂ ਪ੍ਰੇਮ ਸੰਬੰਧਾਂ ਦਾ ਦ੍ਰਿਸ਼ ਹੈ ਤਾਂ ਆਪਸੀ ਪ੍ਰੇਮੀਆਂ ਦੇ ਪਿਆਰ ਵਿਚ ਸੰਯੋਗ ਜਾਂ ਵਿਯੋਗ ਦੇ ਭਾਵਾਂ ਅਨੁਸਾਰ ਗੀਤ ਦਾ ਫ਼ਿਲਮਾਂਕਣ ਕਰ ਦਿੱਤਾ ਜਾਂਦਾ ਹੈ। ਡਾ. ਰਾਜਿੰਦਰ ਪਾਲ ਸਿੰਘ ਅਨੁਸਾਰ-

ਧਿਆਨ ਦੇਣ ਵਾਲਾ ਨੁਕਤਾ ਹੈ ਕਿ ਬਹੁਤੇ ਜਸ਼ਨਾਵੀ ਗੀਤਾਂ ਦੀਆਂ ਵੀਡੀਉ ਵਿੱਚ ਸਮੁੰਦਰੀ ਕੰਢੇ, ਬਰਫ਼ਾਂ ਲੱਦੇ ਪਹਾੜੀ ਦ੍ਰਿਸ਼ ਤੇ ਰੇਗਿਸਤਾਨੀ ਰੇਤ ਜਾਂ ਫਿਰ ਵਿਦੇਸ਼ੀ ਸ਼ਹਿਰ, ਮਹੱਤਵਪੂਰਨ ਇਮਾਰਤਾਂ ਦਿਖਾਈ ਦਿੰਦੀਆਂ ਹਨ। ਇਉਂ ਜਾਪਦਾ ਹੈ ਜਿਵੇਂ ਖ਼ੁਸ਼ੀ ਪੰਜਾਬੋਂ ਬਾਹਰ ਹੈ। ਇਸ ਦੇ ਉਲਟ ਉਦਾਸੀ ਭਰੇ ਗੀਤਾਂ ਵਿੱਚ ਦੇ ਖੰਡਰ, ਹਵੇਲੀਆਂ , ਸੁੱਕੇ ਰੁੱਖ ਪ੍ਰਮੁੱਖ ਹਨ।[12]

ਅਜੋਕੇ ਸਮੇਂ ਦੀ ਗੀਤਕਾਰੀ ਦੇ ਫ਼ਿਲਮਾਂਕਣ ਵਿਚ ਜ਼ਿਆਦਾਤਰ ਪੇਂਡੂ ਸਭਿਆਚਾਰ ਦੀ ਪੇਸ਼ਕਾਰੀ ਹੀ ਹੋਈ ਹੈ। ਕਿਉਂਕਿ ਦੋਗਾਣਾ ਜ਼ਿਆਦਾਤਰ ਪਿੰਡ ਦੇ ਲੋਕ ਹੀ ਪਸੰਦ ਕਰਦੇ ਹਨ ਅਤੇ ਦੋਗਾਣਾ ਉਥੋਂ ਦੇ ਲੋਕਾਂ ਦੇ ਜੀਵਨ ਦੀ ਤਰਜ਼ਮਾਨੀ ਕਰਦਾ ਹੈ। ਕਈ ਗੀਤਾਂ ਵਿਚ ਸ਼ਹਿਰਾਂ ਦੀਆਂ ਉੱਚੀਆਂ ਇਮਾਰਤਾਂ ਅਤੇ ਝੀਲਾਂ ਜਾਂ ਸ਼ਾਪਿੰਗ ਮਾਲਾਂ ਦਾ ਵੀ ਚਿਤਰਨ ਹੈ ਪਰ ਬਹੁਤ ਹੀ ਘੱਟ। ਇਹਨਾਂ ਗੀਤਾਂ ਵਿਚ ਗਾਇਕ ਜੋੜੀ ਇਕ ਪਾਸੇ ਗਾ ਰਹੀਂ ਹੈ ਅਤੇ ਨੌਜਵਾਨ ਗੱਭਰੂ ਉਹਨਾਂ ਦੇ ਪਿਛਲੇ ਪਾਸੇ ਭੰਗੜਾ ਪਾ ਰਹੇ ਹਨ। ਉਹ ਗਾਇਕ ਜੋੜੀ ਦੇ ਹਾਵਾਂ-ਭਾਵਾਂ ਦੇ ਅਨੁਸਾਰੀ ਹੀ ਹੁੰਦਾ ਹੈ ਡਾਇਰੈਕਟਰ ਦੀ ਦੇਖ-ਰੇਖ ਵਿਚ ਹੁੰਦਾ ਹੈ। ਕਦੇ ਦੋਗਾਣਾ ਜੋੜੀ ਕੈਮਰੇ ਦੀ ਵਿਧੀ ਅਨੁਸਾਰ ਅੱਗੇ ਆਉਂਦੀ ਹੈ ਅਤੇ ਕਿਤੇ ਦ੍ਰਿਸ਼ ਬਿੰਬ। ਅਜੋਕੇ ਸਮੇਂ ਦੀ ਦੋਗਾਣਾ ਗੀਤਕਾਰੀ ਵਿਚ ਜ਼ਿਆਦਾਤਰ ਫ਼ਸਲਾਂ ਦੀ ਵਢਾਈ, ਕੱਚੇ ਘਰ, ਕਾਲਜਾਂ ਦੇ ਮੁੰਡੇ-ਕੁੜੀਆਂ, ਸਫਾਰੀ, ਟਰੈਕਟਰ, ਅਤੇ ਹੋਰ ਖੇਤੀ ਨਾਲ ਜੁੜੀਆਂ ਵਸਤੂਆਂ ਦਾ ਦ੍ਰਿਸ਼ ਅਤੇ ਵਰਤਮਾਨ ਸਮੇਂ ਤੇ ਰੁਕ ਕੇ ਅਤੀਤ ਵਿਚ ਪਿੱਛਲਝਾਤ ਦੀ ਰਾਂਹੀਂ ਆਸ਼ਕ-ਮਸ਼ੂਕ ਦੀ ਚੋਹਲ-ਮੋਹਲ ਰਾਤ ਸਮੇਂ ਪ੍ਰੇਮੀ-ਪ੍ਰੇਮਿਕਾ ਦਾ ਮਿਲਣਾ ਆਦਿ ਦ੍ਰਿਸ਼ ਫ਼ਿਲਮਾਏ ਜਾਂਦੇ ਹਨ। ਅਜੋਕੇ ਸਮੇਂ ਦੀ ਗੀਤਕਾਰੀ ਜ਼ਿਆਦਾਤਰ ਅਸਫ਼ਲ ਪਿਆਰ ਦੁਆਲੇ ਹੀ ਘੁੰਮਦੀ ਹੈ। ਇਸ ਵਿਚ ਸੰਯੋਗ ਰਸ ਦੀ ਬਜਾਏ ਵਿਯੋਗ ਰਸ ਵਧੇਰੇ ਹੈ। ਉਦਾਹਰਨ ਵਜੋਂ ਧਰਮਪ੍ਰੀਤ ਦੇ ਗੀਤ ਤਸੱਲੀਆਂ ਦਾ ਫ਼ਿਲਮਾਂਕਣ ਦੇਖਣਯੋਗ ਹੈ। ਇਸ ਗੀਤ ਵਿਚ ਮਾਰੂਥਲ, ਰੇਗਿਸਤਾਨੀ ਟਿੱਬੇ, ਅਤੇ ਪਾਣੀ ਦੇ ਦ੍ਰਿਸ਼, ਅਤੇ ਸੁੱਕੇ ਦਰੱਖਤ ਫ਼ਿਲਮਾਏ ਜਾਂਦੇ ਹਨ। ਸਾਨੂੰ ਇੰਝ ਮਹਿਸੂਸ ਹੁੰਦਾ ਹੈ ਮਾਰੂਥਲੀ ਟਿੱਬੇ, ਰੇਗਿਸਤਾਨ ਦੇ ਫ਼ਿਲਮਾਉਣ ਦਾ ਮੁੱਖ ਕਾਰਨ ਪੰਜਾਬੀਆਂ ਦੇ ਅਵਚੇਤਨ ਮਨ ਵਿਚ ਪਈ ਹੋਈ ਸੱਸੀ ਪੁੰਨੂ ਦੀ ਮਿਥ ਕਥਾ ਨੂੰ ਪਰਿਭਾਸ਼ਿਤ ਕਰਕੇ ਲੋਕਾਂ ਨੂੰ ਆਪਣੇ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਅਜੋਕੇ ਸਮੇਂ ਦੇ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਪਹਿਲੇ ਅੱਧ ਤੱਕ ਤਾਂ ਇਸ ਗੀਤਕਾਰੀ ਦਾ ਘੇਰਾ ਪਿੰਡ ਪੱਧਰ ਤੇ ਜਾਂ ਪੰਜਾਬੀ ਸਭਿਆਚਾਰ ਦੀਆਂ ਵਲਗਣਾਂ ਵਿਚ ਰਹਿੰਦਾ ਹੈ। ਜਦੋਂ ਪਿਛਲੇ ਅੱਧ ਦੀ ਗੀਤਕਾਰੀ ਦੀ ਪੜਚੋਲ ਕੀਤੀ ਜਾਂਦੀ ਹੈ ਤਾਂ ਇਸ

ਗੀਤਕਾਰੀ ਵਿਚ ਅਨੇਕ ਹੀ ਪਰਿਵਰਤਨ ਸਾਡੇ ਸਾਹਮਣੇ ਆਉਂਦੇ ਹਨ ਕਿਉਂਕਿ ਇਸ ਦਹਾਕੇ ਦੀ ਗੀਤਕਾਰੀ ਪਿੰਡਾਂ ਤੋਂ ਸ਼ਹਿਰਾਂ ਅਤੇ ਉਸ ਤੋਂ ਬਾਅਦ ਪਰਵਾਸ ਨਾਲ ਜੁੜ ਜਾਂਦੀ ਹੈ। ਇਸ ਦੇ ਵੀਡੀਉ ਦ੍ਰਿਸ਼ ਵੀ ਬਾਹਰਲੇ ਮੁਲਕਾਂ ਵਿਚ ਫ਼ਿਲਮਾਏ ਜਾਂਦੇ ਹਨ। ਇਹਨਾਂ ਵੀਡਿਉ ਵਿਚ ਬਾਹਰਲੇ ਮੁਲਕਾਂ ਵਿਚ ਟਰੱਕਾਂ, ਸੜਕਾਂ, ਸੁੰਦਰ ਇਮਾਰਤਾਂ, ਹਰੇ ਘਾਹ ਦੇ ਪਲਾਟਾਂ, ਸਮੁੰਦਰੀ ਪਾਣੀਆਂ ਦਾ ਦ੍ਰਿਸ਼ ਆਮ ਵੇਖਣ ਨੂੰ ਮਿਲਦਾ ਹੈ। ਇਹਨਾਂ ਗੀਤਾਂ ਵਿਚ ਭਾਰਤ ਦੇ ਭੂ-ਦ੍ਰਿਸ਼ ਵੀ ਦੇਖਣ ਨੂੰ ਮਿਲਦੇ ਹਨ। ਜਿਵੇਂ ਕਿ ਕਾਲਜਾਂ, ਯੂਨੀਵਰਸਿਟੀਆਂ ਦਾ ਮਾਹੌਲ, ਅਦਾਲਤਾਂ ਕਚਹਿਰੀਆਂ ਦਾ ਦ੍ਰਿਸ਼ , ਬੰਬ ਬੰਦੂਕਾਂ ਦਾ ਦ੍ਰਿਸ਼, ਆਮ ਦੇਖਣ ਨੂੰ ਮਿਲ ਜਾਂਦੇ ਹਨ। ਇਸ ਸਮੇਂ ਦੀ ਗੀਤਕਾਰੀ ਵਿਚ ਕਲਪਨਾ ਦੇ ਅੰਸ਼ ਜ਼ਿਆਦਾ ਮਿਲਦੇ ਹਨ ਪਰ ਇਸਤੋਂ ਪਹਿਲਾਂ ਦੀ ਗੀਤਕਾਰੀ ਦਾ ਫ਼ਿਲਮਾਂਕਣ ਯਥਾਰਥ ਦੇ ਜ਼ਿਆਦਾ ਨਜ਼ਦੀਕ ਪ੍ਰਤੀਤ ਹੁੰਦਾ ਹੈ।

ਦੋਗਾਣਾ ਗੀਤਕਾਰੀ ਦੇ ਤਿੰਨ ਵਰਗ ਬਣਾਏ ਜਾ ਸਕਦੇ ਹਨ। ਇਹਨਾਂ ਵਿਚ ਮਰਦ-ਮਰਦ, ਔਰਤ-ਔਰਤ, ਔਰਤ-ਮਰਦ ਹੀ ਹੁੰਦੇ ਹਨ। ਇਹਨਾਂ ਵਰਗਾਂ ਵਿਚ ਕਈ ਵਾਰੀ ਔਰਤ ਦੇ ਬੋਲ ਮਰਦ ਦੁਆਰਾ ਵੀ ਉਚਾਰ ਲਏ ਜਾਂਦੇ ਹਨ ਅਜੋਕੇ ਸਮੇਂ ਵਿਚ ਅਜਿਹੇ ਗੀਤ ਵੀ ਮਿਲਦੇ ਹਨ ਜਿਹਨਾਂ ਨੂੰ ਪਹਿਲਾਂ ਤਾਂ ਇਕ ਗਾਇਕ ਹੀ ਗਾਉਂਦਾ ਹੈ ਪਰ ਅਖੀਰ ਵਿਚ ਉਸਦੇ ਬੋਲਾਂ ਦੀ ਪੁਸ਼ਟੀ ਵਜੋਂ ਉਸਦਾ ਸੀਨੀਅਰ ਗਾਇਕ ਵੀ ਇੱਕ ਸ਼ੇਅਰ ਬੋਲਦਾ ਹੈ। ਜਿਵੇ ਕਿ ਦਿਲਪ੍ਰੀਤ ਢਿੱਲੋ, ਕਰਨ ਔਜਲਾ(ਬੇਬੀ ਗੱਲ ਸੁਣੋ), ਕਰਨ ਔਜਲਾ- ਪੈਨੀ (ਡਾਕਟਰ) ਆਦਿ ਗੀਤ ਵੀ ਵਿਚਾਰਨਯੋਗ ਹਨ। ਅਜੋਕੇ ਸਮੇਂ ਵਿਚ ਤਿੰਨ ਗਾਇਕਾਂ ਵੱਲੋਂ ਵੀ ਸਮੂਹਿਕ ਤੌਰ ਤੇ ਗਾਏ ਹੋਏ ਗੀਤ ਮਿਲਦੇ ਹਨ ਜਾਂ ਫਿਰ ਅੱਧਾ ਗੀਤ ਹੋਰ ਗਾਇਕ ਅਤੇ ਅੱਧਾ ਗੀਤ ਨਾਲ ਦਾ ਸਹਾਇਕ ਗਾਇਕ ਗਾਉਂਦਾ ਹੈ (ਸਿੱਧੂ ਮੂਸੇਵਾਲਾ-ਅਮ੍ਰਿਤਮਾਨ, (ਬੰਬੀਹਾ ਬੋਲੇ), ਜੋ ਪਾਪੂਲਰ ਗੀਤਕਾਰੀ ਵਿੱਚ ਵੱਖਰੀ ਵਿਧਾ ਦੀ ਮੰਗ ਕਰਦੇ ਹਨ। ਦੋਗਾਣਾ ਗੀਤਕਾਰੀ ਦੀ ਵਰਗ ਵੰਡ ਇਸ ਪ੍ਰਕਾਰ ਹੈ-

1. **ਮਰਦ-ਮਰਦ**
2. **ਔਰਤ-ਔਰਤ**
3. **ਔਰਤ-ਮਰਦ**

**1.ਮਰਦ-ਮਰਦ-**

ਮਰਦ-ਮਰਦ ਦੁਆਰਾ ਦੋਗਾਣਾ ਦੀ ਪੇਸ਼ਕਾਰੀ ਦੋ ਮਰਦਾਂ ਦੁਆਰਾ ਹੀ ਕੀਤੀ ਜਾਂਦੀ ਹੈ। ਇਸ ਵਿਚ ਗੀਤ ਦੇ ਬੋਲ ਦੋ ਮਰਦਾਂ ਦੁਆਰਾ ਹੀ ਉਚਾਰੇ ਜਾਂਦੇ ਹਨ। ਡਾ. ਹਰਮਨ ਅਨੁਸਾਰ-

ਇਸ ਵਿਚ ਦੋ ਆਦਮੀਆਂ ਦੁਆਰਾ ਕਈ ਵਾਰ ਵਾਰੋਂ-ਵਾਰੀ ਤੇ ਕਈ ਵਾਰੀ ਇਕੱਠੇ ਮਿਲ ਕੇ ਗਾਇਆ ਜਾਂਦਾ ਹੈ। ਗਾਉਣ ਦੀ ਇਹ ਪ੍ਰਥਾ ਪੁਰਾਣੇ ਸਮੇਂ ਤੋ ਚੱਲਦੀ ਆ ਰਹੀ ਹੈ। ਇਸ ਸੰਬੰਧੀ ਇਕ ਗੱਲ ਵਰਣਨਯੋਗ ਹੈ ਕਿ ਕੁਝ ਗੀਤਾਂ ਵਿਚ ਇਕ ਬੋਲ ਨੂੰ ਦੋਨੋ ਗਾਇਕ ਕਲਾਕਾਰ ਇਕੱਠੇ ਉਚਾਰਦੇ ਹਨ।[13]

ਅਜੋਕੇ ਸਮੇਂ ਵਿਚ ਔਰਤ -ਮਰਦ ਦੇ ਭਾਵਾਂ ਦੀ ਪੇਸ਼ਕਾਰੀ ਦੋਗਾਣਾ ਗਾਇਕੀ ਵਿਚ ਨਾਮੁਮਕਿਨ ਹੀ ਮਿਲਦੀ ਹੈ। ਜਿਵੇਂ ਆਰ ਨੇਤ ਅਤੇ ਲਾਭ ਹੀਰਾ ਦਾ ਗੀਤ ਰੀਲਾਂ ਵਾਲਾ ਡੈੱਕ ਹੈ-

**ਆਰ ਨੇਤ-**ਫੋਨ ਹੀ ਨਾ ਕੀਤਾ ਬਿੱਲੋ ਵਿਆਹ ਤੋਂ ਬਾਅਦ ਨੀ,

ਹੁਣ ਮਿੱਤਰਾਂ ਨੂੰ ਕਿਥੋਂ ਤੂੰ ਕਰੇਗੀ ਯਾਦ ਨੀ-2

ਤੇਰੀ ਉੱਚਿਆਂ ਨਾ ਲੱਗ ਗਈ ਏ, ਕੁੜੀਏ ਨੀ ਉੱਚੇ ਹੀ ਟਿਕਾਣੇ ਹੋ ਗਏ,

ਯਾਰ ਰੀਲਾਂ ਵਾਲੇ ਡੈੱਕ ਵਾਂਗੂ ਸੋਹਣੀਏ ਨੀ ਤੇਰੇ ਲਈ ਪੁਰਾਣੇ ਹੋ ਗਏ।

**ਲਾਭ ਹੀਰਾ-** ਬੰਦਾ ਰੱਬ ਦਿਆਂ ਦਿੱਤਿਆ ਤੇ ਰੱਜਦਾ ਨੀ ਉਦਾ ਕਿੱਥੇ ਨੀਅਤ ਰੱਜਦੀ,

ਗੱਲ ਮਿੱਤਰਾਂ ਦੀ ਸਿੱਧੀਡਾਂਗ ਵਰਗੀ ਨੀ, ਕਾਲਜੇ ਚ ਠਾਹ ਵੱਜਦੀ-2

ਚੱਲ ਹੌਲੀ-ਹੌਲੀ ਸੱਜਣਾਂ ਨੂੰ ਭੁੱਲ ਜੀ ਜੇ ਇਕ ਦੋ ਨਿਆਣੇ ਹੋ ਗਏ।

ਯਾਰ ਰੀਲਾ ਵਾਲੇ...........।[14]

ਮਰਦ-ਮਰਦ ਦੁਆਰਾ ਗਾਏ ਗਏ ਗੀਤਾਂ ਦੀ ਇੱਕ ਹੋਰ ਵੰਨਗੀ ਵੀ ਅਜੋਕੇ ਸਮੇਂ ਵਿਚ ਪ੍ਰਚੱਲਿਤ ਹੈ । ਜਿਸ ਵਿਚ ਮਰਦ-ਮਰਦ ਦਾ ਆਪਸੀ ਸੰਵਾਦ ਨਹੀਂ ਸਗੋਂ ਗੀਤ ਦਾ ਅੱਧ ਪਹਿਲਾ ਇਕ ਗਾਇਕ ਅਤੇ ਦੂਸਰਾ ਅੱਧ ਸਹਾਇਕ ਜਾਂ ਦੂਜੇ ਨੰਬਰ ਦੇ ਗਾਇਕ ਦੁਆਰਾ ਗਾਇਆ ਗਿਆ ਮਿਲਦਾ ਹੈ ਜਿਵੇਂ ਬੰਬੀਹਾ ਬੋਲੇ ਗੀਤ ਅਮ੍ਰਿਤਮਾਨ ਅਤੇ ਸਿੱਧੂ ਮੂਸੇਵਾਲਾ ਦੁਆਰਾ ਗਾਇਆ ਗਿਆ ਹੈ-

**ਅਮ੍ਰਿਤਮਾਨ-** ਜਦ ਵੀ ਬੋਲੇ ਜਨਤਾ ਮੂੰਹ ਨੂੰ ਲਾ ਲੈਂਦੀ ਆ ਤਾਲੇ ਨੀ,

ਯਾਦ ਤੇਦੂਏ ਵਰਗੀ ਗੀਜ ਕਾਟਨ ਵਾਲੇ ਨੀ,

ਕੀਤੇ ਹੱਡ ਵੈਰੀ ਦੇ ਪੋਲੇ ਅੱਧੀ ਰਾਤ ਪੁਲਿਸ ਜੀ ਟੋਲੇ,

ਹੋ ਗਿਆ ਮਟਨ ਤੂਤ ਦੇ ਉਹਲੇ, ਨੀ ਬੰਬੀਹਾ ਬੋਲੇ,

**ਸਿੱਧੂ ਮੂਸੇਵਾਲਾ-**ਮੂਸੇ ਪਿੰਡ ਤੋਂ ਰੇਂਜ ਤੇ ਜੁੜੀਆਂ ਦੂਰ-ਦੂਰ ਤੱਕ ਤਾਰਾਂ ਨੀ,

ਜੀਹਨੂੰ ਪੱਟ ਦਾ ਜੜ੍ਹਾਂ ਚੋ ਪੱਟਦਾ, ਤਾਹੀਉ ਕਹਿੰਦੇ 5911 ਨੀ,

ਚੋਬਰ ਜਾਫੀ ਵੱਜਦਾ ਗੁੱਟ ਦਾ, ਪੀ.ਬੀ 31 ਵਿਚੋਂ ਉੱਠਦਾ,

ਨੀ ਕੋਈ ਤੋੜ ਨਹੀ ਜੱਟ ਦੇ ਪੁੱਤ ਦਾ, ਨੀ ਬੰਬੀਹਾ ਬੋਲੇ।[15]

ਅਜੋਕੇ ਸਮੇਂ ਵਿਚ ਇਕ ਹੋਰ ਵੰਨਗੀ ਵੀ ਮਿਲਦੀ ਹੈ। ਜਿਸ ਵਿਚ ਇੱਕ ਮਰਦ ਗਾਇਕ ਲਗਭਗ ਸਾਰਾ ਗੀਤ ਦਾ ਟੱਪਾ ਗਾਉਂਦਾ ਹੈ ਅਤੇ ਉਸਦੇ ਬੋਲਾਂ ਦੀ ਪੁਸ਼ਟੀ ਵਜੋਂ ਦੂਸਰਾ ਗਾਇਕ ਅਖੀਰਲੇ ਟੱਪੇ ਨੂੰ ਪੇਸ਼ ਕਰਦਾ ਹੈ-

ਆਰ ਨੇਤ-ਅਬਰਾਹਮ (ਗੁੱਡ ਟਾਈਮ)

ISSN PRINT 2319 1775 Online 2320 7876
Research Paper © 2012 IJFANS. All Rights Reserved, Journal UGC CARE Listed (Group-I) Volume 11,Sp Iss 11A 2022

ਕਰਨ ਔਜਲਾ-ਪੈਨੀ (ਡਾਕਟਰ)

ਅਜੋਕੇ ਸਮੇਂ ਵਿਚ ਮਰਦ-ਮਰਦ ਦੁਆਰਾ ਗੀਤਕਾਰੀ ਦੇ ਪੇਸ਼ਕਾਰੀ ਕਈ ਵੰਨਗੀਆਂ ਵਿਚ ਵੇਖਣ ਨੂੰ ਮਿਲਦੀ ਹੈ। ਅਜੋਕੇ ਸਮੇਂ ਵਿਚ ਸਭ ਤੋਂ ਵੱਧ ਦੋਗਾਣਾ ਮਰਦ-ਮਰਦ ਦੁਆਰਾ ਹੀ ਗਾਇਆ ਮਿਲਦਾ ਹੈ।

**ਔਰਤ-ਔਰਤ-**

ਔਰਤ-ਔਰਤ ਨਾਲ ਸੰਬੰਧਿਤ ਗੀਤਕਾਰੀ ਦੀ ਪਰੰਪਰਾ ਬਹੁਤ ਹੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਹੈ। ਔਰਤਾਂ ਘਰ ਵਿੱਚ ਖੁਸ਼ੀ ਦੇ ਮੌਕੇ ਤੇ ਜਾਂ ਫਿਰ ਵਿਆਹ ਸ਼ਾਦੀ ਤੇ ਆਪਸ ਵਿਚ ਮਿਲ ਕੇ ਸੁਹਾਗ ਅਤੇ ਘੋੜੀਆਂ ਗਾਉਂਦੀਆਂ ਹਨ। ਪੰਜਾਬ ਵਿਚ ਨਰਿੰਦਰ ਬੀਬਾ, ਪ੍ਰਕਾਸ਼ ਕੌਰ, ਅਤੇ ਸੁਰਿੰਦਰ ਕੌਰ ਦੇ ਗੀਤ ਰਿਕਾਰਡ ਹੋਏ ਮਿਲਦੇ ਹਨ। ਅਜੋਕੇ ਸਮੇਂ ਵਿਚ ਨੂਰਾਂ ਸਿਸਟਰ ਦੇ ਗੀਤ ਰਿਕਾਰਡ ਹੋਏ ਮਿਲਦੇ ਹਨ। ਜਿਸ ਵਿਚ ਕਈ ਗੀਤ ਤਾਂ ਦੋਵੇਂ ਭੈਣਾਂ ਰਲ ਕੇ ਗਾਉਂਦੀਆਂ ਹਨ। ਇਹਨਾਂ ਗੀਤਾਂ ਦੀ ਸਥਾਈ ਇੱਕ ਸਮਾਨ ਹੀ ਹੈ ਜਾਂ ਫਿਰ ਦੋਵੇਂ ਇੱਕੋਂ ਆਵਾਜ਼ ਵਿਚ ਹੀ ਉਚਾਰ ਦੀਆਂ ਹਨ। ਜਿਵੇਂ ਨੂਰਾਂ ਸਿਸਟਰ ਦਾ ਗਾਇਆ ਗੀਤ ਜੋਗਨ ਹੈ-

ਜੋਗਨ ਬਣ ਕੇ ਰਹਿਣਾ ਵੇ ਹਾਏ,

ਜੋਗਨ ਬਣ ਕੇ ਰਹਿਣਾ ਵੇ, ਤੇਰੇ ਪਿਆਰ ਚ ਸੋਹਣਿਆ-2,

ਇਸ਼ਕ ਜੇ ਰੋਲੇ ਮੂੰਹੋ ਬੋਲੇ, ਅਸੀਂ ਤਾਂ ਰੁਲ ਕੇ ਰਹਿਣਾ ਵੇ ਤੇਰੇ ਪਿਆਰ ਚ ਸੋਹਣਿਆ

ਜੋਗਨ ਬਣ ਕੇ ਰਹਿਣਾ ਵੇ ਤੇਰੇ..........।[16]

ਇਸ ਤੋਂ ਇਲਾਵਾਂ ਅੰਸ਼ਿਕ ਪੱਧਰ ਤੇ ਹੋਰ ਗੀਤ ਵੀ ਮਿਲਦੇ ਹਨ। ਇਹ ਗੀਤ ਔਰਤ-ਔਰਤ ਦੇ ਤੌਰ ਤੇ ਜ਼ਿਆਦਾ ਪ੍ਰਸਿੱਧੀ ਪ੍ਰਾਪਤ ਨਹੀਂ ਕਰ ਸਕੇ। ਅਜੋਕੇ ਸਮੇਂ ਵਿਚ ਨੂਰਾਂ ਸਿਸਟਰ ਦੇ ਲਾਈਵ ਸ਼ੋਅ ਨੇ ਪਾਪੂਲਰਟੀ ਪ੍ਰਾਪਤ ਕੀਤੀ ਹੈ।

**ਔਰਤ-ਮਰਦ-**

ਔਰਤ-ਮਰਦ ਦੁਆਰਾ ਗਾਈ ਜਾਣ ਵਾਲੀ ਵਾਲੀ ਗਾਇਕੀ ਦਾ ਰਿਵਾਜ਼ ਬਹੁਤ ਹੀ ਪੁਰਾਤਨ ਹੈ। ਪਹਿਲਾ-ਪਹਿਲ ਤਾਂ ਰਾਸਾਂ ਵਿਚ ਮਰਦ ਹੀ ਔਰਤ ਦਾ ਰੋਲ ਨਿਭਾਉਂਦਾ ਸੀ ਪਰ ਸਮੇਂ ਦੇ ਪਰਿਵਰਤਨ ਨਾਲ ਔਰਤ ਵੀ ਮਰਦ ਨਾਲ ਗਾਉਣ ਲੱਗ ਪਈ। ਪੰਜਾਬੀ ਵਿਚ ਦੋਗਾਣਾ ਗੀਤਕਾਰੀ ਸਭ ਤੋਂ ਪਹਿਲਾਂ ਸ਼ਾਤੀ ਦੇਵੀ ਅਤੇ ਚਾਂਦੀ ਰਾਮ ਦੀ ਆਵਾਜ਼ ਵਿਚ ਰਿਕਾਰਡ ਹੋਈ ਮਿਲਦੀ ਹੈ। ਇਸ ਸਮੇਂ ਇੰਦਰਜੀਤ ਹਸਨਪੁਰੀ ਦਾ ਗੀਤ ਲੈ ਜਾਂ ਛੱਲੀਆਂ ਭੁੰਨਾ ਲਈ ਦਾਣੇ ਇਸ ਦੋਗਾਣਾ ਗਾਇਕ ਜੋੜੀ ਦੀ ਆਵਾਜ਼ ਵਿਚ ਰਿਕਾਰਡ ਕੀਤਾ ਗਿਆ। ਇਸ ਤੋਂ ਬਾਅਦ ਦੋਗਾਣਾ ਗੀਤਕਾਰੀ ਵਿਚ ਅਨੇਕ ਹੀ ਉਤਰਾਅ -ਚੜਾਅ ਆਏ। ਅਜੋਕੇ ਸਮੇਂ ਵਿਚ ਪਹੁੰਚ ਕੇ ਇਹ ਗੀਤਕਾਰੀ ਪ੍ਰਚੱਲਿਤ ਗਾਇਕੀ ਨਾਲ ਜੁੜ ਗਈ। ਇਸ ਗਾਇਕੀ ਵਿਚ ਪਹਿਲੀ ਗਾਇਕੀ ਦੇ ਮੁਕਾਬਲਤਨ ਅਨੇਕ ਹੀ ਵਿਭਿੰਨਤਾਵਾਂ ਨਜ਼ਰ ਆਉਂਦੀਆਂ ਹਨ। ਇਹ ਗਾਇਕੀ ਪਿੰਡ ਪੱਧਰ ਤੇ ਵਿਚਰਦੀ ਹੋਈ ਸ਼ਹਿਰਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਪਰਵਾਸ ਨਾਲ ਜਾ ਜੁੜਦੀ ਹੈ। ਇਸ ਵਿਚ ਘਰਵਾਲੀ, ਆਸ਼ਕ-ਮਸ਼ੂਕ ਜਾਂ ਰੁਮਾਂਸ ਤੇ

ਨਾਇਕ ਵੱਲੋਂ ਹਿੰਸਾ ਫੈਲਾਉਣ ਦੇ ਭਾਵ ਇਸ ਨਾਲ ਸਬੰਧਿਤ ਹਨ। ਇਸ ਵਿਚ ਘਰਵਾਲੀ ਨਾਲ ਨੋਕ-ਝੋਕ ਨਾਲ ਸੰਬੰਧਿਤ ਗਾਇਕੀ ਵਿਚਾਰੀ ਜਾ ਸਕਦੀ ਹੈ।

**ਔਰਤ-** ਮੈਂ ਚੱਲੀ ਆ ਪੇਕੇ ਸੁਣ ਲੈ ਗੱਲ ਜਵਾਨਾਂ ਵੇ,

ਇਸ ਵਾਰੀ ਨੀ ਸੁਣਨਾ ਮੈਂ ਕੋਈ ਹੋਰ ਬਹਾਨਾ ਵੇ,

ਕਾਹਦਾ ਫੋਕਾ ਮਾਣ ਕਰਾ ਤੇਰੀ ਸਰਦਾਰੀ ਤੇ,

ਵੇ ਮੈਂ ਨੀ ਆਉਣਾ ਜੇ ਨਾ ਆਇਆ ਲੈਣ ਸਫਾਰੀ ਤੇ।

**ਮਰਦ-** ਥੋੜ੍ਹਾ ਜਾਂ ਬੱਸ ਹੋਰ ਸਬਰ ਕਰ ਮੇਰੀਏ ਜਾਨੇ ਨੀ,

ਆਪਣੇ ਵਿਆਹ ਦਾ ਕਰਜ਼ਾ ਦੇਵਾ ਮੋੜ ਰਕਾਨੇ ਨੀ,

ਇਸ ਵਾਰੀ ਲਾਹ ਦੇਵਾਂ ਮਗਰੋਂ ਸ਼ਾਹੂਕਾਰਾਂ ਨੂੰ,

ਅਜੇ ਸਫਾਰੀ ਸਮਝ ਸੋਹਣੀਏ 5911 ਨੂੰ।[17]

ਇਸ ਗੀਤ ਵਿਚ ਜੱਟ ਭਾਈਚਾਰੇ ਦੀ ਆਰਥਿਕ ਮੰਦਹਾਲੀ ਨੂੰ ਦਰਸਾਇਆ ਗਿਆ ਹੈ। ਇਸ ਵਿਚ ਦੋ ਸਥਾਈਆਂ ਮਿਲਦੀਆਂ ਹਨ। ਔਰਤ-ਮਰਦ ਦੁਆਰਾ ਗਾਏ ਗਏ ਗੀਤਾਂ ਦੀ ਇੱਕ ਹੋਰ ਵੰਨਗੀ ਆਸ਼ਕ-ਮਾਸ਼ੂਕ ਨਾਲ ਸੰਬੰਧਿਤ ਗੀਤਾਂ ਦੀ ਹੈ ਜਿਸਦਾ ਨਮੂਨਾ ਇਸ ਪ੍ਰਕਾਰ ਹੈ-

**ਔਰਤ :** ਮੇਰੀ ਕੀਮਤ ਤੈਨੂੰ ਪਤਾ ਨਹੀ,

ਤੂੰ ਆਪਣੇ ਗਰੂਰ'ਚ ਫਿਰਦਾ ਏ,

ਮੈਥੋਂ ਭਰ ਗਿਆ ਏ ਮਨ ਤੇਰਾ,

ਤੂੰ ਬਦਲਿਆ-ਬਦਲਿਆ ਚਿਰ ਦਾ ਏ,

ਕਿਸੇ ਭਟਕੇ ਮੁਸਾਫ਼ਿਰ ਵਾਂਗੂ ਟੇਸ਼ਨ ਨੂੰ ਤਰਸੇਗਾ,

ਇਕ ਦਿਨ ਤੂੰ ਮੇਰਾ ਮੁੱਖੜਾ ਦੇਖਣ ਨੂੰ ਤਰਸੇਗਾ

ਰਾਂਤੀ ਉੱਠ-ਉੱਠ ਕਾਲੀ ਬਦਲੀ ਵਾਂਗੂ ਵਰਸੇਗਾ

ਇਕ ਦਿਨ ਤੂੰ ਮੇਰਾ ਮੁੱਖੜਾ,,,,,,,,,,,,,,,

**ਮਰਦ :** ਤੂੰ ਵੇਸ਼ ਕੀਮਤੀ ਹੀਰਾ ਏ

ਕੋਈ ਸ਼ੱਕ ਨੀ ਕੋਈ ਮਗਰੂਰੀ ਨਹੀਂ

ਤੂੰ ਮੰਜਿਲ ਸੀ ਤੇ ਮੰਜਿਲ ਏ

ਕਿਸਮਤ ਨੇ ਪਾ ਤੀ ਦੂਰੀ ਨੀ

ਅਸੀਂ ਕੱਲ ਵੀ ਸੀ ਤੇ ਅੱਜ ਵੀ ਤੇਰੇ ਦੀਵਾਨੇ ਆ,

ਸਹੁੰ ਰੱਬ ਦੀ ਤੇਰਾ ਮੁੱਖ ਦੇਖਣ ਨੂੰ ਤਰਸੀ ਜਾਨੇ ਆ,

ਭਟਕੇ ਹੋਏ ਬੱਦਲ ਵਾਂਗੂ ਵਰਸੀ ਜਾਨੇ ਆ,

ਸਹੁੰ ਰੱਬ ਦੀ,,,,,,,,,,,,,,,,,,,,,,,,,।[18]

ਇਸ ਦੋਗਾਣਾ ਗੀਤਕਾਰੀ ਵਿਚ ਔਰਤ-ਮਰਦ ਦੀ ਸਥਾਈ ਵੱਖੋਂ-ਵੱਖਰੀ ਹੈ। ਔਰਤ ਆਪਣੀ ਸਥਾਈ ਉਦਾਰਦੀ ਹੈ ਅਤੇ ਮਰਦ ਵੱਲੋਂ ਆਪਣੀ ਸਥਾਈ ਉਚਾਰੀ ਜਾਂਦੀ ਹੈ। ਅਜੋਕੇ ਸਮੇਂ ਵਿਚ ਇਹ ਗੀਤਕਾਰੀ ਉਦਾਸ ਗੀਤਾਂ ਤੋਂ ਬੀਟ ਸਾਂਗ ਵਿਚ ਰੂਪਾਂਤਰਨ ਹੋ ਗਈ ਹੈ। ਅਜੋਕੇ ਸਮੇਂ ਵਿਚ ਆਸ਼ਕ -ਮਾਸ਼ੂਕ ਨਾਲ ਸੰਬੰਧਿਤ ਗੀਤ ਹੈ।

**ਔਰਤ-** ਤੇਰੀ ਐਡੀ ਕੀ ਉਲਝੀ ਤਾਣੀ ਵੇ,

ਰੱਖੇ ਬੁੱਕਲ ਚ ਬੰਦੇ ਖਾਣੀ ਵੇ,

ਆਹ ਇਹ ਸ਼ੌਕ ਕਿਹੋ ਜੇ ਪਾਲੇ ਵੇ,

ਸਹੁੰ ਤੇਰੀ ਮੈਨੂੰ ਨਹੀਂ ਜਚਦੇ

ਤੇਰੇ ਕੰਮ ਡਿਫਾਲਟਰਾਂ ਵਾਲੇ ਵੇ,

………………।

**ਮਰਦ-** ਮੇਰੀ ਹਿੱਕ ਤੇ ਧਰਦੇ ਪੈਰ ਕੁੜੇ,

ਰੱਬ ਕਰੇ ਉਹਨਾਂ ਦੀ ਖੈਰ ਕੁੜੇ,

ਜੋ ਨੱਪਣ ਮੇਰੇ ਜਜ਼ਬਾਤਾਂ ਨੂੰ,

ਮੇਰੇ ਸਾਲੇ ਲੱਗਦੇ ਜ਼ਹਿਰ ਕੁੜੇ।[19]

ਰੁਮਾਂਸ ਨਾਲ ਸੰਬੰਧਿਤ ਗੀਤਕਾਰੀ ਵਿਚ ਆਸ਼ਕ-ਮਾਸ਼ੂਕ ਨਾਲ ਸੰਬੰਧਿਤ ਨੋਕ-ਝੋਕ ਹੀ ਦੇਖਣ ਨੂੰ ਮਿਲਦੀ ਹੈ। ਇਸ ਗੀਤਕਾਰੀ ਵਿਚ ਕਿਤੇ ਆਸ਼ਕ ਵਿਯੋਗ ਵਜੋਂ ਤੜਪ ਰਿਹਾ ਹੈ ਅਤੇ ਕਿਤੇ ਉਹ ਆਪਣੀ ਤਾਰੀਫ਼ ਕਰਦਾ ਨਜ਼ਰ ਆਉਂਦਾ ਹੈ। ਪਰ ਇਸ ਦੋਗਾਣਾ ਗੀਤਕਾਰੀ ਦੇ ਦੋਵਾਂ ਪੱਧਰਾਂ ਤੇ ਔਰਤ ਦਾ ਸ਼ੋਸ਼ਣ ਹੁੰਦਾ ਹੀ ਪ੍ਰਤੀਤ ਹੁੰਦਾ ਹੈ।

ISSN PRINT 2319 1775 Online 2320 7876
Research Paper © 2012 IJFANS. All Rights Reserved, Journal UGC CARE Listed (Group-I) Volume 11,Sp Iss 11A 2022

ਇਸ ਦੋਗਾਣਾ ਗਾਇਕੀ ਵਿਚ ਸੁਆਲ ਜੁਆਬ ਰਾਂਹੀਂ ਹੀ ਆਪਣੇ ਭਾਵਾਂ ਦੀ ਪੇਸ਼ਕਾਰੀ ਹੁੰਦੀ ਹੈ। ਇਸ ਵਿਚ ਪ੍ਰਸ਼ਨੋਤਰੀ ਸ਼ੈਲੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਗੀਤਕਾਰੀ ਵਿਚ ਸੰਘਰਸ਼ ਕਰਕੇ ਅੱਗੇ ਆਉਣ ਅਤੇ ਆਪਸੀ ਮੁਕਾਬਲੇਬਾਜ਼ੀ ਦੇ ਭਾਵਾਂ ਚਿਤਰਨ ਕੀਤਾ ਜਾਂਦਾ ਹੈ। ਅਜੋਕੇ ਸਮੇਂ ਵਿਚ ਪਾਪੂਲਰ ਦੋਗਾਣਾ ਗੀਤਕਾਰੀ ਹਰੇਕ ਦਹਾਕੇ ਵਾਂਗ ਆਪਣਾ ਲੋਹਾ ਮਨਵਾਉਂਦੀ ਨਜ਼ਰ ਆਉਂਦੀ ਹੈ। ਭਾਵੇਂ ਇਸ ਗੀਤਕਾਰੀ ਨੂੰ ਅਨੇਕ ਹੀ ਸੰਕਟਾਂ ਵਿਚੋਂ ਲੰਘਣਾ ਪਿਆ ਪਰ ਫਿਰ ਵੀ ਇਹ ਆਪਣਾ ਰੂਪ ਦਿਨੋਂ-ਦਿਨ ਨਿਖਾਰਦੀ ਨਜ਼ਰ ਆਉਂਦੀ ਹੈ। ਇਸ ਗੀਤਕਾਰੀ ਵਿਚ ਸਾਧਨ ਸੰਪੰਨ ਲੋਕਾਂ ਦਾ ਬੋਲਬਾਲਾ ਕਾਫ਼ੀ ਦੇਖਣ ਨੂੰ ਮਿਲਦਾ ਹੈ। ਸ਼ੋਸ਼ਿਤ ਧਿਰ ਦੀ ਗੱਲਬਾਤ ਤਾਂ ਅੰਸ਼ਿਕ ਪੱਧਰ ਤੇ ਹੀ ਹੋਈ ਹੈ। ਇਸ ਗੀਤਕਾਰੀ ਵਿਚ ਮੱਧਵਰਗੀ ਕਿਸਾਨੀ ਦੇ ਦੁੱਖਾਂ ਦਾ ਚਿਤਰਨ ਹੋਇਆ ਮਿਲਦਾ ਹੈ ਪਰ ਬੇਜ਼ਮੀਨੇ ਮਜ਼ਦੂਰਾਂ ਦੇ ਭਾਵਾਂ ਲਈ ਇਸ ਦੋਗਾਣਾ ਗੀਤਕਾਰੀ ਵਿਚ ਕੋਈ ਸਥਾਨ ਨਹੀਂ। ਇਸ ਦਾ ਕਾਰਨ ਉਹਨਾਂ ਕੋਲ ਆਮਦਨ ਦੇ ਸ੍ਰੋਤਾਂ ਦੀ ਘਾਟ ਹੈ। ਜਿਵੇਂ-ਜਿਵੇਂ ਪੱਛੜੀਆਂ ਸ਼੍ਰੇਣੀਆਂ ਸਿੱਖਿਅਤ ਹੋ ਰਹੀਆਂ ਹਨ ਉਹਨਾਂ ਦੇ ਬੋਲਾਂ ਨੂੰ ਵੀ ਇਸ ਗੀਤਕਾਰੀ ਵਿਚ ਸਥਾਨ ਮਿਲਣਾ ਸ਼ੁਰੂ ਹੋ ਜਾਵੇਗਾ।

## ਹਵਾਲੇ ਟਿੱਪਣੀਆਂ

1. ਸਿਮਰਨਜੀਤ ਸਿੰਘ, ਪੰਜਾਬੀ ਗੀਤ, ਗਾਇਕੀ ਅਤੇ ਪੇਸ਼ਕਾਰੀ : ਰੂਪ ਅਤੇ ਵਿਚਾਰਧਾਰਾ (ਰਿਕਾਰਡ ਗੀਤਾਂ ਦੇ ਆਧਾਰ ਤੇ), ਅਣ-ਪ੍ਰਕਾਸ਼ਿਤ ਖੋਜ-ਪ੍ਰਬੰਧ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2018, ਪੰਨਾ-640
2. ਉਹੀ, ਪੰਨਾ-640
3. ਹਰਿੰਦਰ ਕੌਰ ਸੋਹਲ, ਪੰਜਾਬੀ ਗਾਇਕੀ : ਵਿਭਿੰਨ ਪਾਸਾਰ, ਨਾਨਕ ਸਿੰਘ ਪੁਸਤਕ ਮਾਲਾ, ਅਮ੍ਰਿਤਸਰ, 2012, ਪੰਨਾ-50
4. ਹਰਮਨ ਸਿੰਘ, ਪੰਜਾਬੀ ਦੋਗਾਣਾ ਗੀਤਕਾਰੀ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2018, ਪੰਨਾ-22
5. ਉਹੀ, ਪੰਨਾ-57
6. ਹਰਿੰਦਰ ਕੌਰ ਸੋਹਲ, ਪੰਜਾਬੀ ਗਾਇਕੀ : ਵਿਭਿੰਨ ਪਾਸਾਰ, ਪੰਨਾ-221
7. ਉਹੀ,ਸਿਮਰਨਜੀਤ ਸਿੰਘ, ਪੰਜਾਬੀ ਗੀਤ, ਗਾਇਕੀ ਅਤੇ ਪੇਸ਼ਕਾਰੀ : ਰੂਪ ਅਤੇ ਵਿਚਾਰਧਾਰਾ, ਪੰਨਾ-392
8. ਉਹੀ, ਪੰਨਾ-395
9. ਗੀਤ ਤੈਨੂੰ ਕੀ, ਗਾਇਕ ਹਰਪ੍ਰੀਤ ਢਿੱਲੋ ਤੇ ਮਿਸ ਪੂਜਾ, ਗੀਤਕਾਰ ਸੰਗਦਿਲ-47, 2012
10. ਰਾਜਿੰਦਰ ਪਾਲ ਸਿੰਘ, ਨਵੇਂ ਕਲਾ ਰੂਪ ਗੀਤ ਵੀਡਿਉ ਦੇ ਅਧਿਐਨ ਦੀ ਸਮੱਸਿਆ, ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਅਤੇ ਮੀਡੀਆ ਅੰਤਰ-ਸੰਵਾਦ, ਮੁੱਖ ਸੰਪਾਦਕ, ਰਾਜਿੰਦਰ ਪਾਲ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011 ਪੰਨਾ-73
11. ਵਿਸ਼ਾਲ ਕੁਮਾਰ, ਪੰਜਾਬੀ ਗਾਇਕੀ ਦਾ ਤਿੜਕਦਾ ਨਾਇਕਤਵ, ਸਭਿਆਚਾਰਕ ਪਤ੍ਰਿਕਾ, ਪੰਜਾਬੀ ਲੋਕ ਸੰਗੀਤ ਵਿਸ਼ੇਸ਼ ਅੰਕ-12, ਸੰਪਾਦਕ ਜਸਬੀਰ ਕੌਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013, ਪੰਨਾ-131
12. ਰਾਜਿੰਦਰ ਪਾਲ ਸਿੰਘ, ਨਵੇਂ ਕਲਾ ਰੂਪ ਗੀਤ ਵੀਡਿਉ ਦੇ ਅਧਿਐਨ ਦੀ ਸਮੱਸਿਆ, ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਅਤੇ ਮੀਡੀਆ ਅੰਤਰ-ਸੰਵਾਦ, ਪੰਨਾ-70
13. ਉਹੀ,ਹਰਮਨ ਸਿੰਘ, ਪੰਜਾਬੀ ਦੋਗਾਣਾ ਗੀਤਕਾਰੀ, ਪੰਨਾ-22
14. ਗੀਤ ਰੀਲਾਂ ਵਾਲਾ ਡੈੱਕ, ਆਰ-ਨੇਤ, ਲਾਭ ਹੀਰਾ, ਗੀਤਕਾਰ ਆਰ-ਨੇਤ, 2019

15. ਗੀਤ ਬੰਬੀਹਾ ਬੋਲੇ, ਗਾਇਕ, ਗੀਤਕਾਰ ਸਿੱਧੂ ਮੂਸੇਵਾਲਾ, ਅਮ੍ਰਿਤਮਾਨ, 2020
16. ਗੀਤ ਜੋਗਨ, ਨੂਰਾਂ ਸਿਸਟਰ, ਗੀਤਕਾਰ ਕਾਲਾ ਨਿਜ਼ਾਮਪੁਰੀ, 2016
17. ਗੀਤ ਸਫਾਰੀ, ਗਾਇਕ ਸੁਰਜੀਤ ਭੁੱਲਰ, ਸੁਦੇਸ਼ ਕੁਮਾਰੀ, ਗੀਤਕਾਰ ਲਖਵਿੰਦਰ ਮਾਨ, 2012
18. ਗੀਤ ਇਕ ਦਿਨ, ਬੱਬੂ ਮਾਨ, ਸ਼ਿਪਰਾ ਗੋਇਲ, ਗੀਤਕਾਰ ਬੱਬੂ ਮਾਨ, 2021
19. ਗੀਤ ਡਿਫਾਲਟਰ, ਗਾਇਕ, ਗੀਤਕਾਰ ਆਰ ਨੇਤ, ਗਾਇਕਾ ਸ਼ਿਪਰਾ ਗੋਇਲ, 2019